The Sikh Turban- A Cross-Cultural Context

Sikander Singh
SGGSWU Fathegarh Sahib

ਦਸਤਾਰ: ਪਾਰ ਸਭਿਆਚਾਰਕ ਪਰਿਪੇਖ

ਸਿਕੰਦਰ ਸਿੰਘ, ਪੰਜਾਬੀ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ

1.1. ਕਈ ਸਭਿਆਚਾਰਾਂ ਵਿਚ ਮੁੱਢ ਤੋਂ ਹੀ ਦਸਤਾਰ ਤਾਕਤ ਅਤੇ ਇੱਜਤ ਦਾ ਚਿੰਨ੍ਹ ਹੈ। ਇਸ ਦਾ ਪਿਛੋਕੜ ਵਧੇਰੇ ਕਰਕੇ ਸਾਮੀ ਪਰੰਪਰਾ ਨਾਲ ਜੁੜਦਾ ਹੈ। ਇਸਲਾਮੀ ਪਰੰਪਰਾ ਦੇ ਹਾਕਮ ਜਦੋਂ ਹਿੰਦੁਸਤਾਨ ਵਿਚ ਹਾਕਮ ਬਣਦੇ ਹਨ ਤਾਂ ਹਿੰਦੂਆਂ ਨੂੰ ਪੱਗ ਬੰਨਣ ਦੇ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਜਾਂਦਾ ਹੈ।[1] ਹਾਰਨ ਵਾਲੀਆਂ ਧਿਰਾਂ ਨੂੰ ਆਮ ਕਰਕੇ ਦਸਤਾਰਾਂ ਅਤੇ ਕੇਸਾਂ ਤੋਂ ਵਿਰਵੇ ਕਰ ਦਿੱਤਾ ਜਾਂਦਾ ਸੀ। ਸ੍ਰੀ ਕਿਸ਼ਨ ਅਤੇ ਰੁਕਮਣੀ ਦੀ ਮਿੱਥ ਹੈ ਕਿ ਰੁਕਮਣੀ ਦੇ ਸ੍ਰੀ ਕ੍ਰਿਸ਼ਨ ਨਾਲ ਜਾਣ ਕਰਕੇ ਉਸ ਦੇ ਭਰਾ ਰੁਕਮਣ ਨੇ ਸ੍ਰੀ ਕ੍ਰਿਸ਼ਨ ਨਾਲ ਯੁੱਧ ਕੀਤਾ ਜਿਸ ਵਿਚ ਰੁਕਮਣ ਹਾਰ ਗਿਆ।[2] ਰੁਕਮਣੀ ਦੇ ਬੇਨਤੀ ਕਰਨ 'ਤੇ ਸ੍ਰੀ ਕ੍ਰਿਸ਼ਨ ਜੀ ਨੇ ਰੁਕਮਣ ਦਾ ਸਿਰ ਕੱਟਣ ਦੀ ਥਾਂ ਕੇਸ ਕੱਟ ਦਿੱਤੇ।[3] ਅਰਥਾਤ ਕਿਸੇ ਦੇ ਕੇਸ ਮੁੰਨਣੇ ਜਾਂ ਦਸਤਾਰ ਤੋਂ ਵਾਂਝੇ ਕਰਨਾ ਸਜਾ ਵਜੋਂ ਪ੍ਰਚਲਤ ਸੀ।

ਸਿੱਖੀ ਵਿਚ ਦਸਤਾਰ ਕੇਵਲ ਇੱਜਤ ਦਾ ਚਿੰਨ੍ਹ ਨਹੀਂ ਰਹਿੰਦੀ ਬਲਕਿ ਪੂਰੀ ਜੀਵਨ ਜਾਚ, ਪਛਾਣ, ਸਦਾਚਾਰ ਅਤੇ ਧਰਮ ਦਾ ਰੂਪ ਬਣ ਜਾਂਦੀ ਹੈ। ਸਿੱਖੀ ਵਿਚ ਇੱਜਤ/ਪਤ ਤੋਂ ਬਿਨਾਂ ਕਿਸੇ ਜੀਵਨ ਦੀ ਹੋਂਦ ਨਹੀਂ ਹੈ।[4] ਗੁਰਬਾਣੀ ਦੇ ਜਿਸ ਸ਼ਬਦ ਵਿਚ ‘ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ'[5] ਦਾ ਜਿਕਰ ਹੈ ਉਸ ਵਿਚ ਸਮਕਾਲ ਦੀਆਂ ਤਾਕਤਵਰ ਧਾਰਮਿਕ ਸ਼ਖ਼ਸੀਅਤਾਂ ਅਬਦਾਲ, ਕਾਜੀ, ਮੁਲਾਂ ਨੂੰ ਸਦਾਚਾਰਕ ਜੀਵਨ ਜਿਉਣ ਦਾ ਸੰਦੇਸ਼ ਦਿੱਤਾ ਗਿਆ ਹੈ। ਦਸਤਾਰ ਨੂੰ ਇਲਾਹੀ ਦਰਬਾਰ ਵਿਚ ਵੀ ਸ਼ੋਭਾ ਦਾ ਸਿਖਰਲਾ ਚਿੰਨ੍ਹ ਮੰਨਿਆ ਹੈ। ਸਿੱਖ ਪਰੰਪਰਾ ਵਿਚ ਗੁਰੂ ਨਾਨਕ ਦੇਵ ਜੀ ਤੋਂ ਹੀ ਦਸਤਾਰ ਨੂੰ ਸਤਿਕਾਰ ਦਾ ਚਿੰਨ੍ਹ[6] ਅਤੇ ਸਦਾਚਾਰ ਦਾ ਜਾਬਤਾ ਮੰਨਿਆ ਜਾਂਦਾ ਹੈ। ਖ਼ਾਲਸਾ ਸਾਜਨਾ ਵੇਲੇ ਦਸਤਾਰ ਸਿੱਖ ਜਾਬਤੇ ਦੇ ਪੱਕੇ ਰੂਪ ਵਜੋਂ ਸਥਾਪਤ ਹੋ ਗਈ ਅਤੇ ਸਿੱਖ ਰਹਿਤ ਦਾ ਕੇਂਦਰੀ ਅੰਗ ਬਣ ਗਈ। ਸਿੱਖ ਲਈ ਦਸਤਾਰ ਕੇਵਲ ਪਹਿਰਾਵਾ, ਰਿਵਾਜ ਜਾਂ ਸਮਾਜਕ ਰੁਤਬਾ ਨਹੀਂ ਸਗੋਂ ਇਹ ਧਰਮ ਦਾ ਇਕ ਅਹਿਮ ਅੰਗ ਹੈ।[7]

ਸਿੱਖ ਲਈ ਦਸਤਾਰ ਇੰਨੀ ਅਹਿਮ ਹੈ ਕਿ ਇਹ ਦੁਸ਼ਮਣ ਦੀ ਦਸਤਾਰ ਦੀ ਵੀ ਬੇਅਦਬੀ ਨਹੀਂ ਕਰਦੇ। ਗੁਰੂ ਹਰਗੋਬਿੰਦ ਸਾਹਿਬ ਬਾਰੇ ਹਵਾਲੇ ਮਿਲਦੇ ਹਨ ਕਿ ਜੇਕਰ ਜੰਗ ਦੇ ਮੈਦਾਨ ਵਿਚ ਲੜਦਿਆਂ ਦੁਸ਼ਮਣ ਦੀ ਦਸਤਾਰ ਉਤਰ ਜਾਂਦੀ ਤਾਂ ਉਹ ਵਾਰ ਰੋਕ ਕੇ ਕਹਿੰਦੇ “ਭਲੇ ਮਾਣਸ! ਆਪਣੀ ਦਸਤਾਰ ਸੰਭਾਲ! ਮੈਂ ਤੇਰੀ ਇੱਜਤ ਉਤਾਰਨ ਲਈ ਲੜਾਈ ਦੇ

ਮੈਦਾਨ ਵਿਚ ਨਹੀਂ ਆਇਆ, ਮੇਰੀ ਲੜਾਈ ਕੇਵਲ ਜ਼ੁਲਮ ਖ਼ਿਲਾਫ ਹੈ।"[8] ਗੁਰੂ ਨਾਨਕ ਦੇਵ ਜੀ ਨੇ ਜਿਹੜੇ ਸਚਿਆਰ ਮਨੁੱਖ ਦੀ ਸਿਰਜਣਾ ਕੀਤੀ ਹੈ ਦਸਤਾਰ ਉਸ ਸਚਿਆਰ ਕਿਰਦਾਰ ਦਾ ਜ਼ਾਬਤਾ ਹੈ।

1.2. ਵੀਹਵੀਂ ਸਦੀ ਦੇ ਆਰੰਭ ਵਿਚ ਜਦੋਂ ਸਿੱਖ ਹੋਰ ਦੇਸਾਂ ਵਿਚ ਜਾਂਦੇ ਹਨ ਤਾਂ ਦਸਤਾਰ ਦਾ ਨਿਵੇਕਲਾਪਣ ਸਿੱਖ ਪਛਾਣ ਨੂੰ ਪਾਰ ਸਭਿਆਚਾਰਕ ਬਣਾ ਦਿੰਦਾ ਹੈ। ਡਾਇਸਪੋਰਕ ਹਾਲਤਾਂ ਵਿਚ ਦਸਤਾਰ ਦੇ ਪ੍ਰਸੰਗ ਮੁਕੰਮਲ ਸਿੱਖ ਡਾਇਸਪੋਰੇ ਦੇ ਪ੍ਰਸੰਗ ਹਨ ਹੈ। ਜਿਉਂ ਜਿਉਂ ਸਿੱਖਾਂ ਨੇ ਵਿਦੇਸਾਂ ਵਿਚ ਪੈਰ ਪਸਾਰੇ ਤਿਉਂ-ਤਿਉਂ ਦਸਤਾਰ ਵੀ ਫੈਲਦੀ ਗਈ। ਦਸਤਾਰਧਾਰੀ ਸਿੱਖਾਂ ਨੇ ਪਰਵਾਸ ਦੇ ਮੁੱਢਲੇ ਦਿਨਾਂ ਵਿਚ ਹੀ ਮੇਜਬਾਨ ਦੇਸਾਂ ਵਿਚ ਗੁਰਦੁਆਰੇ ਉਸਾਰ ਲਏ ਸਨ। ਭਾਸ਼ਾ, ਧਰਮ ਅਤੇ ਸਭਿਆਚਾਰ ਦੀ ਪਛਾਣ ਵਿਚ ਵਿਦੇਸੀ ਗੁਰਦੁਆਰਿਆਂ ਦੀ ਅਹਿਮ ਭੂਮਿਕਾ ਰਹੀ ਹੈ।[9] ਇਸ ਤੋਂ ਬਿਨਾਂ ਸਿੱਖ ਡਾਇਸਪੋਰੇ ਨੇ ਵਪਾਰ, ਰਾਜਨੀਤੀ, ਅਕਾਦਮਿਕਤਾ ਆਦਿ ਦੇ ਖੇਤਰਾਂ ਵਿਚ ਵੀ ਦਸਤਕ ਦਿੱਤੀ ਹੈ। ਗੁਰਦੁਆਰਿਆਂ ਅਤੇ ਹੋਰ ਡਾਇਸਪੋਰਕ ਸਿੱਖ ਸੰਸਥਾਵਾਂ ਵੱਲੋਂ ਕੀਤੇ ਸੇਵਾ ਕਾਰਜਾਂ ਨੇ ਸਿੱਖ ਦਸਤਾਰ ਅਤੇ ਪਛਾਣ ਬਾਰੇ ਮੇਜਬਾਨ ਲੋਕਾਂ ਵਿਚ ਠੀਕ ਰਾਏ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪਰਾਈ ਧਰਤੀ ਤੇ ਦਸਤਾਰ ਜਿੱਥੇ ਸਿੱਖੀ ਦੀ ਨਿਵੇਕਲੀ ਅਤੇ ਨਿਖੜਵੀਂ ਪਛਾਣ ਬਣਦੀ ਹੈ ਉੱਥੇ ਇਹ ਸਿੱਖਾਂ ਨੂੰ ਆਪਣੀ ਧਰਤੀ, ਧਰਮ ਅਤੇ ਸਭਿਆਚਾਰ ਨਾਲ ਜੋੜੀ ਰੱਖਣ ਦਾ ਜੁਜ ਵੀ ਬਣਦੀ ਹੈ। ਦਸਤਾਰ ਵੱਖੋ-ਵੱਖਰੇ ਦੇਸਾਂ ਵਿਚਲੇ ਸਿੱਖ ਡਾਇਸਪੋਰਿਆਂ ਅਤੇ ਉਨ੍ਹਾਂ ਦੇ ਹੋਰ ਡਾਇਸਪੋਰਿਆਂ ਨਾਲ ਆਪਸੀ ਮੇਲ-ਜੋਲ ਦਾ ਵਸੀਲਾ ਵੀ ਬਣਦੀ ਹੈ। ਲਗਭਗ ਸਮੂਹ ਡਾਇਸਪੋਰਿਆਂ ਵਿਚੋਂ ਕੇਵਲ ਸਿੱਖ ਹੀ ਹਨ ਜੋ ਦਸਤਾਰ ਬੰਨਦੇ ਹਨ, ਬਾਕੀਆਂ ਵਿਚੋਂ ਤਾਂ ਕੋਈ ਵਿਰਲਾ ਹੀ ਦਸਤਾਰਧਾਰੀ ਹੈ। 'ਅਮਰੀਕਾ ਵਿਚ ਪੱਗ ਬੰਨਣ ਵਾਲਿਆਂ ਵਿਚੋਂ 99 ਫੀਸਦੀ ਸਿੱਖ ਹਨ।'[10] ਕੁਝ ਦੇਸਾਂ ਵਿਚ ਦਸਤਾਰ ਦੀ ਪਛਾਣ ਵਿਚ ਫਰਕ ਨਾ ਸਮਝਣ ਕਰਕੇ ਸਿੱਖਾਂ ਦੇ ਭੁਲੇਖਾਮਈ ਪਛਾਣ ਦੇ ਸ਼ਿਕਾਰ ਹੋਣ ਦੇ ਹਵਾਲੇ ਵੀ ਮਿਲਦੇ ਹਨ। ਇਸ ਭੁਲੇਖੇ ਦਾ ਕਾਰਨ ਇਹ ਨਹੀਂ ਕਿ ਅਮਰੀਕੀ ਮੁਸਲਮਾਨ ਦਸਤਾਰਧਾਰੀ ਹਨ ਬਲਕਿ ਅਸਲ ਕਾਰਨ ਇਹ ਹੈ ਕਿ '11 ਸਤੰਬਰ। 2001 ਦੇ ਹਮਲਿਆਂ ਤੋਂ ਮਗਰੋਂ ਟੀ.ਵੀ. ਚੈਨਲਾਂ ਅਤੇ ਹੋਰ ਸੰਚਾਰ ਸਾਧਨਾਂ ਉਪਰ ਦਿਖਾਈਆਂ ਉਸਾਮਾ ਬਿਨ ਲਾਦੇਨ ਦੀਆਂ ਤਸਵੀਰਾਂ ਅਤੇ ਵੀਡਿਓ ਫਿਲਮਾਂ ਕਾਰਨ ਹਰੇਕ ਦਸਤਾਰਧਾਰੀ ਖਿਲਾਫ ਦੁਸ਼ਮਣੀ ਵਾਲੀ ਹਵਾ ਪੈਦਾ ਹੋ ਗਈ। ਇਸੇ ਲਈ ਯੂਰਪ, ਅਮਰੀਕਾ ਅਤੇ ਆਸਟਰੇਲੀਆ ਮਹਾਂਦੀਪਾਂ ਵਿਚ ਦਸਤਾਰਧਾਰੀ ਦਾ ਮਤਲਬ ਸਿੱਖ ਹੀ ਹੈ।

2.1. ਕੌਮਾਂਤਰੀ ਪੱਧਰ 'ਤੇ ਜੇਕਰ ਦਸਤਾਰ ਸਿੱਖਾਂ ਦੀ ਨਵੇਕਲੀ ਪਛਾਣ ਬਣਦੀ ਹੈ ਤਾਂ ਇਸਨੂੰ ਅਨੇਕਾਂ ਚੁਣੌਤੀਆਂ ਵੀ ਦਰਪੇਸ਼ ਹਨ। ਪਹਿਲੀ ਤਾਂ ਇਹ ਕਿ ਦਸਤਾਰ ਨੂੰ ਕੇਵਲ ਪਹਿਰਾਵੇ ਦਾ ਇਕ ਅੰਗ ਸਮਝਿਆ ਜਾਂਦਾ ਹੈ। ਸਮੂਹ ਧਰਮਾਂ-ਸਭਿਆਚਾਰਾਂ ਦੇ ਆਪੋ-ਆਪਣੇ ਖਾਸ ਪਹਿਰਾਵੇ/ਭੇਖ ਦੀ ਪਰੰਪਰਾ ਹੁੰਦੀ ਹੈ। ਉਹ ਪਹਿਰਾਵਾ ਉਨ੍ਹਾਂ ਦੀ ਜਿੰਦਗੀ ਲਈ ਕਿੰਨਾ ਕੁ ਮਹੱਤਵਪੂਰਨ ਹੈ ਇਹ ਵੱਖਰੀ ਗੱਲ ਹੈ। ਸੰਯੁਕਤ ਰਾਸ਼ਟਰ ਸੰਘ ਵਲੋਂ 1948 ਵਿਚ ਜਾਰੀ ਕੀਤੇ 'ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ' ਵਿਚ ਪਹਿਰਾਵੇ ਨੂੰ ਉਹ ਥਾਂ ਨਹੀਂ ਦਿੱਤੀ ਗਈ ਜਿਹੜੀ ਬੋਲੀ, ਧਰਮ, ਵਿਸ਼ਵਾਸ ਦੀ ਅਜਾਦੀ ਨੂੰ ਦਿੱਤੀ ਗਈ। ਇਸ ਤੋਂ ਜਾਪਦਾ ਹੈ ਕਿ ਪਰੰਪਰਕ ਪਹਿਰਾਵਾ ਆਧੁਨਿਕ ਸਭਿਆਚਾਰਕ ਚੇਤਨਾ ਵਿਚ ਵਿਰਸਾ ਤਾਂ ਮੰਨਿਆ ਗਿਆ ਹੈ ਪਰ ਫਿਰ ਵੀ ਇਸ ਨੂੰ ਭਾਸ਼ਾ, ਧਰਮ ਵਾਂਗ ਜਿੰਦਗੀ ਦਾ ਅਟੁੱਟ ਅੰਗ ਨਹੀਂ ਮੰਨਿਆ ਗਿਆ। ਇਸੇ ਲਈ ਆਧੁਨਿਕ ਕਾਨੂੰਨ ਤੇ ਨੇਮ ਪ੍ਰਬੰਧ ਅਤੇ ਤਰਜੇ-ਜਿੰਦਗੀ ਵਿਚ ਕਿਸੇ ਸਮਾਜਕ ਥਾਂ ਜਾਂ ਸੰਵਿਧਾਨਕ

ਥਾਂ ਤੇ ਆਪਣੀ ਮਰਜੀ ਦਾ ਪਹਿਰਾਵਾ ਪਹਿਨਣ ਦੀ ਥਾਂ ਹਰੇਕ ਥਾਂ ਦੀ ਆਪਣੀ ਵਰਦੀ ਜਾਂ ਖਾਸ ਪਹਿਰਾਵਾ (Dress Code) ਪਹਿਨਣਾ ਜਰੂਰੀ ਹੈ। ਇਹ ਵਰਤਾਰਾ ਆਮ ਕਰਕੇ ਨਿੱਕੀ ਉਮਰੇ ਸਕੂਲਾਂ ਤੋਂ ਆਰੰਭ ਹੋ ਜਾਂਦਾ ਹੈ ਅਤੇ ਵੱਡੇ-ਵੱਡੇ ਅਹੁਦਿਆਂ ਜਾਂ ਸੰਸਥਾਵਾਂ ਤੱਕ ਚਾਲੂ ਰਹਿੰਦਾ ਹੈ। ਇਸ ਮਾਮਲੇ ਵਿਚ ਹਰ ਤਾਕਤ ਜਾਂ ਮਾਲਕ ਧਿਰ ਆਪਣਾ ਪਹਿਰਾਵਾ ਲਾਗੂ ਕਰਵਾਉਂਦੀ ਹੈ, ਪੱਛਮੀ ਤਰਜੇ ਜਿੰਦਗੀ ਦੇ ਮਕਬੂਲ ਹੋਣ 'ਤੇ ਪੱਛਮੀ ਪਹਿਰਾਵਾ ਇਕ ਨੇਮ ਬਣ ਗਿਆ। ਬਾਕੀ ਸਭਿਆਚਾਰਾਂ ਦੇ ਪਹਿਰਾਵਿਆਂ 'ਤੇ ਲਗਾਈ ਪਾਬੰਦੀ ਨੂੰ ਮਨੁੱਖੀ ਅਧਿਕਾਰਾਂ ਦੇ ਮਾਮਲੇ ਤੋਂ ਕੋਈ ਵੀ ਵੰਗਾਰਨ ਦਾ ਕੋਈ ਸਿੱਧਾ ਵਿਧਾਨ ਨਹੀਂ ਹੈ।

ਅਗਲੀ ਗੱਲ ਇਹ ਕਿ ਸਿੱਖੀ ਲਈ ਦਸਤਾਰ ਕੇਵਲ ਪਹਿਰਾਵਾ ਨਹੀਂ, ਇਹ ਸਿੱਖ ਦੇ ਕਿਰਦਾਰ, ਉਸ ਦੇ ਸਚਿਆਰ ਹੋਣ ਦਾ ਸਬੂਤ ਹੈ। ਇਕ ਸਿੱਖ ਦਾ ਧਾਰਮਕ ਸਰੋਕਾਰ ਦਸਤਾਰ ਨਾਲ ਉਨਾ ਹੀ ਸੰਬੰਧਤ ਹੈ ਜਿੰਨਾ ਉਸ ਦੇ ਸਰੀਰ ਨਾਲ। ਇਸ ਲਈ ਸਿੱਖ ਆਧੁਨਿਕ ਯੁਗ ਦੇ ਪਹਿਰਾਵੇ ਦੇ ਬੰਧਨਾਂ ਵਿਚ ਦਸਤਾਰ ਤਿਆਗ ਨਹੀਂ ਸਕਦਾ। ਇਸੇ ਕਰਕੇ ਸਿੱਖਾਂ ਨੇ ਡਾਇਸਪੋਰਾ ਹੋਣ ਦੇ ਮੁੱਢ ਤੋਂ ਹੀ ਦਸਤਾਰ ਦੇ ਹੱਕਾਂ ਲਈ ਸੰਘਰਸ਼ ਕੀਤਾ। ਜੇ ਕੇਵਲ ਆਧੁਨਿਕ ਕਾਲ ਦੇ ਇਤਿਹਾਸ 'ਤੇ ਹੀ ਨਜਰ ਮਾਰੀਏ ਤਾਂ ਸਾਹਮਣੇ ਆਉਂਦਾ ਹੈ ਕਿ 'ਗਦਰੀਆਂ ਨੇ ਜੇਲ੍ਹਾਂ ਵਿਚ ਰਹਿਤ, ਕਛਹਿਰੇ, ਦਸਤਾਰ ਤੇ ਕਰਾਰ ਰੱਖਣ ਲਈ ਤਸੀਹੇ ਝੱਲੇ, ਭੁੱਖ ਹੜਤਾਲਾਂ ਕੀਤੀਆਂ ਤੇ ਮਰਨ ਮਰਤ ਵੀ ਰੱਖੇ ਅਤੇ ਮੌਤ ਨੂੰ ਗਲੇ ਵੀ ਲਗਾਇਆ।'[11] ਵਿਦੇਸਾਂ ਵਿਚ ਸਿੱਖਾਂ ਨੂੰ ਹਕੂਮਤ ਅਤੇ ਮੇਜਬਾਨ ਲੋਕਾਂ ਦੇ ਨਸਲੀ ਵਿਤਕਰਿਆਂ ਨਾਲ ਨਜਿੱਠਣਾ ਪਿਆ ਜਿਸ ਦਾ ਇਕ ਲੰਮਾ ਇਤਿਹਾਸ ਹੈ। ਸਕੂਲਾਂ ਤੋਂ ਆਰੰਭ ਹੋ ਕੇ ਸਮਾਜਕ ਸੰਸਥਾਵਾਂ, ਬੱਸਾਂ-ਟੈਕਸੀਆਂ-ਟਰੇਨਾਂ, ਕੰਮ ਵਾਲੀਆਂ ਥਾਵਾਂ, ਸਰਕਾਰੀ ਦਫ਼ਤਰਾਂ ਆਦਿ ਵਿਚ ਵਿਤਕਰੇ ਸਹਿਣੇ ਪਏ ਅਤੇ ਲੜਾਈ ਲੜਨੀ ਪਈ। ਡਰਾਈਵਿੰਗ ਲਾਇਸੈਂਸ ਲੈਣ ਵੇਲੇ, ਪੁਲਿਸ ਜਾਂ ਫੌਜ ਵਿਚ ਭਰਤੀ ਹੋਣ ਵੇਲੇ ਜਾਂ ਹੋਰ ਸਰਕਾਰੀ ਨੌਕਰੀਆਂ ਲੈਣ ਵੇਲੇ ਦਸਤਾਰ ਰੱਖਣ ਲਈ ਸਿੱਖ ਡਾਇਸਪੋਰੇ ਨੇ ਵੱਡੀ ਜੱਦੋ-ਜਹਿਦ ਕੀਤੀ ਹੈ। ਦਰਸ਼ਨ ਸਿੰਘ ਤਾਤਲਾ ਨੇ ਆਪਣੀ ਪੁਸਤਕ 'ਸਿੱਖ ਡਾਇਸਪੋਰਾ: ਦ ਸਰਚ ਫਾਰ ਸਟੇਟਹੁੱਡ' ਵਿਚ 'ਦਸਤਾਰਾਂ ਅਤੇ ਕਿਰਪਾਨਾਂ' ਸਿਰਲੇਖ ਹੇਠ ਇਸ ਸੰਘਰਸ਼ ਦਾ ਸੰਖੇਪ ਵੇਰਵਾ ਦਿੱਤਾ ਹੈ ਜਿਸ ਵਿਚ ਇਧਰਲੇ ਸਿੱਖ ਆਗੂਆਂ ਅਤੇ ਸਿੱਖ ਸੰਸਥਾਵਾਂ ਨੇ ਵੀ ਯੋਗ ਭੂਮਿਕਾ ਨਿਭਾਈ।'[12] ਸਿੱਖਾਂ ਨੇ ਜਿੱਥੇ ਕਿਤੇ ਵੀ ਦਸਤਾਰ ਸਬੰਧੀ ਹੱਕ ਹਾਸਲ ਕੀਤੇ ਹਨ, ਆਪਣੀ ਜੱਦੋਜਹਿਦ ਅਤੇ ਕੁਰਬਾਨੀਆਂ ਕਰਕੇ ਹਾਸਲ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੁਆਰਾ ਐਲਾਨੇ ਮਨੁੱਖੀ ਅਧਿਕਾਰਾਂ ਨੇ ਇਸ ਪਾਸੇ ਕੋਈ ਖਾਸ ਭੂਮਿਕਾ ਨਹੀਂ ਨਿਭਾਈ। ਦੂਸਰੀ ਗੱਲ ਇਹ ਹੈ ਕਿ ਹਕੂਮਤਾਂ/ਤਾਕਤਾਂ ਲੁਕਵੇਂ ਜਾਂ ਜਾਹਰੀ ਤਰੀਕੇ ਮਨੁੱਖੀ ਅਧਿਕਾਰਾਂ ਦਾ ਵੀ ਉਲੰਘਣ ਕਰੀ ਜਾਂਦੀਆਂ ਹਨ। ਦਸਤਾਰ ਦੀ ਪਾਰ ਸਭਿਆਚਾਰਕ ਪਛਾਣ ਦਾ ਪਹਿਲਾ ਜੁਜ ਇਹ ਹੈ ਕਿ ਸਿੱਖਾਂ ਨੇ ਡਾਇਸਪੋਰਕ ਹਾਲਤਾਂ ਵਿਚ ਉਹ ਹੱਕ ਵੀ ਹਾਸਲ ਕਰ ਲਏ ਜੋ ਮੁਢਲੇ ਮਨੁੱਖੀ ਹੱਕਾਂ ਵਿਚ ਵੀ ਸ਼ਾਮਲ ਨਹੀਂ ਹਨ। ਬੇਸ਼ਕ ਇਸ ਵਿਚ ਸਿੱਖਾਂ ਦਾ ਸਾਥ ਹੋਰ ਡਾਇਸਪੋਰਿਆਂ ਨੇ ਵੀ ਦਿੱਤਾ ਹੈ।

2.2. ਘੱਟਗਿਣਤੀਆਂ, ਡਾਇਸਪੋਰਿਆਂ ਅਤੇ ਹੋਰ ਅਧੀਨ ਵਰਗਾਂ ਦੀ ਪਛਾਣ ਦੇ ਉਭਾਰ ਨਾਲ ਬਹੁਸਭਿਆਚਾਰਵਾਦ ਦਾ ਸੰਕਲਪ ਕੇਂਦਰ ਵਿਚ ਆਇਆ ਹੈ। ਬਹੁਸਭਿਆਚਾਰਵਾਦ ਦੇ ਉਭਾਰ ਨਾਲ ਛੋਟਿਆਂ, ਕਮਜੋਰਾਂ ਅਤੇ ਅਧੀਨ ਵਰਗਾਂ ਨੂੰ ਇਨਸਾਫ ਅਤੇ ਆਪਣੀ ਪਛਾਣ ਬਰਕਰਾਰ ਰੱਖ ਕੇ ਜਿਉਣ ਦੀ ਆਸ ਬਣੀ ਹੈ। ਇਹ ਮੰਨਿਆ ਜਾਂਦਾ ਹੈ ਕਿ 'ਬਹੁਸਭਿਆਚਾਰਵਾਦ ਨਾਲ ਇਕਰੂਪਤਾਵਾਦੀ ਕੌਮੀਅਤਾਂ ਦਾ ਸੰਕਲਪ ਰੱਦ ਹੋਇਆ ਹੈ ਜਿਸ ਵਿਚ ਇਕ ਤਾਕਤਵਰ

ਧਿਰ ਆਪਣੀ ਸੱਤਾ ਤੇ ਕਬਜੇ ਨਾਲ ਆਪਣੀ ਪਛਾਣ, ਬੋਲੀ, ਇਤਿਹਾਸ, ਸਭਿਆਚਾਰ, ਸਾਹਿਤ, ਮਿਥ, ਧਰਮ ਅਤੇ ਹੋਰ ਵਰਤਾਰਿਆਂ ਨੂੰ ਕੌਮੀਅਤ ਵਜੋਂ ਪਰਿਭਾਸ਼ਤ ਕਰਦੀ ਸੀ। ਜਿਹੜਾ ਇਸ ਕਾਬਜ ਧਿਰ ਦੀ ਪਛਾਣ ਤੋਂ ਵੱਖਰਾ ਹੁੰਦਾ ਸੀ ਉਸ ਨੂੰ ਰਲ ਜਾਣ ਦਾ ਜਾਂ ਬਾਹਰ ਨਿਕਲ ਜਾਣ ਲਈ (assimilation or exclusion) ਕਿਹਾ ਜਾਂਦਾ ਸੀ।'[13] ਆਧੁਨਿਕ ਤਰਜ ਦੇ ਰਾਜ ਵਿਚ ਤਾਕਤਵਰ ਧਿਰ ਆਪਣੇ ਪ੍ਰਬੰਧ ਨੂੰ ਸੈਕੂਲਰਵਾਦ ਜਾਂ ਨਿਰਪੱਖਤਾ ਨਾਲ ਵਿਸ਼ੇਸ਼ਣੀਕ੍ਰਿਤ ਕਰ ਲੈਂਦੀ ਹੈ। ਫਰਾਂਸ ਵਿਚ 2004 ਤੋਂ ਦਸਤਾਰ ਦਾ ਮਸਲਾ ਉਲਝਿਆ ਪਿਆ ਹੈ ਅਤੇ ਸਿੱਖ ਉਥੋਂ ਦੇ ਨਿਰਪੱਖ/ਸੈਕੂਲਰ ਰਾਜ ਵਿਚ ਦਸਤਾਰ ਦਾ ਹੱਕ ਮੰਗ ਰਹੇ ਹਨ। ਪਰ ਫਰਾਂਸ ਵਿਚ 'ਸੈਕੂਲਰ ਦਾ ਅਰਥ ਨਿਰਪੱਖਤਾ (neutrality) ਨਹੀਂ ਸਗੋਂ ਸਰਕਾਰ ਦੁਆਰਾ ਬਣਾਏ ਨੇਮ ਹਨ। ਗਣਤੰਤਰ (republic) ਸਦਾ ਹੀ ਸਮੂਹਾਂ ਨਾਲੋਂ ਵਿਅਕਤੀਗਤ ਨੂੰ ਮਾਨਤਾ ਦਿੰਦਾ ਹੈ।'[14] ਇਹ ਅਧੀਨ ਸਮੂਹਾਂ ਅਤੇ ਡਾਇਸਪੋਰਿਆਂ ਦੀ ਪਛਾਣ ਦੇ ਇਕ ਤਾਕਤ ਬਣਨ ਤੇ ਇਕ ਰੋਕ ਵੀ ਹੈ ਅਤੇ ਵੰਡ ਕੇ ਰੱਖਣ ਦੀ ਇਕ ਤਰਕੀਬ ਵੀ। ਵੀਹਵੀਂ ਸਦੀ ਫਰਾਂਸੀਸੀ ਚਿੰਤਨ ਦੀ ਸਦੀ ਮੰਨੀ ਜਾਂਦੀ ਹੈ ਜਿਸ ਦੌਰਾਨ ਅਧੀਨ ਪਛਾਣਾਂ ਅਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਤੁਰੀ ਹੈ ਪਰ ਵਿਡਾਣ ਇਹ ਹੈ ਕਿ ਫਰਾਂਸੀਸੀ ਰਾਜ ਹੀ ਇਨ੍ਹਾਂ ਪਛਾਣਾਂ ਦਾ ਸਖਤ ਵਿਰੋਧ ਕਰ ਰਿਹਾ ਹੈ। ਇਸ ਦਾ ਅਰਥ ਇਹ ਹੈ ਕਿ ਰਾਜਾਂ ਤੇ ਕਾਬਜ ਸਮੂਹਾਂ/ਤਾਕਤਾਂ ਲਈ ਬਹੁਲਤਾਵਾਦ ਅਤੇ ਅਧੀਨ ਵਰਗਾਂ ਦੇ ਹੱਕ ਕੋਈ ਮਾਅਨੇ ਨਹੀਂ ਰੱਖਦੇ। ਆਮ ਕਰਕੇ ਰਾਜ ਕੇਵਲ ਉਥੋਂ ਤੱਕ ਹੀ ਬਹੁਲਤਾਵਾਦ ਨੂੰ ਮੰਨਦੇ ਹਨ ਜਿਥੋਂ ਤੱਕ ਉਨ੍ਹਾਂ ਦੀ ਸੱਤਾ ਨੂੰ ਕੋਈ ਖਤਰਾ ਨਾ ਹੋਵੇ। ਮਸਲਨ ਹਿੰਦੁਸਤਾਨ ਵਿਚ ਕਬੀਲਿਆਂ, ਬਹੁਤ ਛੋਟੇ ਸਮਾਜਕ ਸਮੂਹਾਂ ਦੀਆਂ ਖਤਰੇ ਹੇਠਲੀਆਂ ਬੋਲੀਆਂ (endangered languages) ਨੂੰ ਬਚਾਉਣ ਲਈ ਤਾਂ ਅਨੇਕਾਂ ਜਤਨ ਹੋ ਰਹੇ ਹਨ ਪਰ ਜਿਹੜੀਆਂ ਸੰਵਿਧਾਨ ਵਿਚ ਪ੍ਰਵਾਨਤ ਜਾਂ ਹੋਰ ਖੇਤਰੀ ਬੋਲੀਆਂ ਹਨ ਜਿਹੜੀਆਂ ਥੋੜ੍ਹੇ ਜਤਨਾਂ ਨਾਲ ਹੀ ਉੱਭਰ ਸਕਦੀਆਂ ਹਨ, ਉਨ੍ਹਾਂ ਲਈ ਕੋਈ ਜਤਨ ਨਹੀਂ ਹੋ ਰਹੇ। ਬਚਣਯੋਗ ਬੋਲੀਆਂ ਤੇ ਸਭਿਆਚਾਰਾਂ ਨੂੰ ਛੋਟੇ ਕੀਤੇ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਸਭਿਆਚਾਰਕ ਚੇਤੇ ਨੂੰ ਭੁਲਾਇਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਜਤਨ ਰਾਜ ਦੇ ਬਹੁਲਤਾਵਾਦੀ ਹੋਣ ਦਾ ਭੁਲੇਖਾ ਸਿਰਜਦੇ ਹਨ ਪਰ ਹੁੰਦੇ ਨਹੀਂ। ਦਸਤਾਰ ਅਤੇ ਮੁਕੰਮਲ ਸਿੱਖ ਪਛਾਣ ਦੀ ਪਾਰ ਸਭਿਆਚਾਰਕ ਪੱਧਰ 'ਤੇ ਬਰਕਰਾਰੀ ਲਈ ਬਹੁਲਤਾਵਾਦ ਦੀ ਧਾਰਾ ਨੂੰ ਸਬੂਤੇ ਰੂਪ ਵਿਚ ਉਸਾਰਨਾ ਪਵੇਗਾ ਨਹੀਂ ਤਾਂ ਹਰ ਹੱਕ ਲਈ ਸੰਘਰਸ਼ ਕਰਨਾ ਪਵੇਗਾ।

ਕੈਨੇਡਾ ਅਤੇ ਅਮਰੀਕਾ ਦੇ ਮੁਕਾਬਲੇ ਯੂਰਪ ਵਿਚ ਦਸਤਾਰ ਨੂੰ ਵੱਖਰੀ ਤਰ੍ਹਾਂ ਦੀਆਂ ਚੁਣੌਤੀਆਂ ਹਨ। ਅਮਰੀਕਾ ਵਿਚ ਸਰਕਾਰ ਸਿੱਧੇ ਤੌਰ 'ਤੇ ਦਸਤਾਰ ਲਈ ਕੋਈ ਮੁਸ਼ਕਲ ਨਹੀਂ ਖੜ੍ਹੀ ਕਰ ਰਹੀ ਪਰ ਯੂਰਪ ਦੇ ਕਈ ਦੇਸ ਵਿਸ਼ੇਸ਼ ਪਹਿਰਾਵੇ ਤੇ ਪਾਬੰਦੀ ਲਗਾ ਰਹੇ ਹਨ। ਫਰਾਂਸ ਦੇ ਅਸਰ ਹੇਠ ਬੈਲਜੀਅਮ ਨੇ ਵੀ 2005 ਵਿਚ ਪਹਿਰਾਵੇ ਦੇ ਨਿਵੇਕਲੇਪਣ ਤੇ ਰੋਕ ਲਗਾ ਦਿੱਤੀ ਗਈ ਹੈ।[15] ਫਰਾਂਸ ਦਾ ਪ੍ਰਧਾਨ ਮੰਤਰੀ ਯਾਂ ਪੈਰੀ ਰੈਫਰੇਨ (Jean Pierre Reffrain) ਮਾਣ ਨਾਲ ਕਹਿੰਦਾ ਹੈ "ਅੱਜ, ਫਰਾਂਸ ਦੇ ਇਤਿਹਾਸ ਵਿਚ ਸਾਰੇ ਧਰਮਾਂ ਨੇ ਆਪਣੇ ਆਪ ਨੂੰ ਫਰਾਂਸੀਸੀ ਨਿਰਪੱਖਤਾਵਾਦ ਦੇ ਸਿਧਾਂਤ ਮੁਤਾਬਕ ਢਾਲ ਲਿਆ ਹੈ। ਨਿਰਪੱਖਤਾਵਾਦ ਇਕ ਮੌਕਾ ਹੈ ਫਰਾਂਸ ਦੇ ਧਰਮ ਵਿਚ ਰਲਣ ਦਾ।"[16] ਇਸ ਤਰ੍ਹਾਂ ਦੇ ਸਰਕਾਰੀ ਬਿਆਨ ਜਾਹਰਾ ਤੌਰ 'ਤੇ ਬਹੁਲਤਾ ਦੇ ਵਿਰੋਧੀ ਹਨ। ਹਿੰਦੁਸਤਾਨ ਵਿਚ ਵੀ ਰਾਸ਼ਟਰਵਾਦ, ਅਨੇਕਤਾ ਵਿਚ ਏਕਤਾ ਦੇ ਉਹ ਅਰਥ ਨਹੀਂ ਹਨ ਜਿਹੜੇ ਦੱਸੇ ਜਾਂ ਸਮਝਾਏ ਜਾਂਦੇ ਹਨ। ਇਸ ਨਜਰੀਏ ਤੋਂ ਬਹੁਲਤਾਵਾਦ ਦਾ ਵਰਤਾਰਾ ਅਜੇ ਵਿਚਾਲੇ ਲਟਕ ਰਿਹਾ ਹੈ। ਅਜੇ ਵੀ ਸਾਰੀਆਂ ਅਧੀਨ, ਡਾਇਸਪੋਰਕ ਅਤੇ ਘੱਟਗਿਣਤੀ ਧਿਰਾਂ ਦੀਆਂ

ਪਛਾਣਾਂ ਅਤੇ ਹੱਕ ਰਾਜਾਂ/ਤਾਕਤਾਂ ਦੇ ਰਹਿਮੋ ਕਰਮ 'ਤੇ ਹਨ। ਅਜੇ ਵੀ ਹੱਕ ਮਿਲਦੇ ਨਹੀਂ ਲਏ ਜਾਣ ਦਾ ਹੀ ਰਿਵਾਜ ਹੈ ਜਿਵੇਂ ਸਿੱਖ ਦਸਤਾਰ ਦੇ ਹੱਕ ਲਈ ਲੈ ਰਹੇ ਹਨ।

2.3. ਮਨੁੱਖਤਾ ਦਾ ਵਿਕਾਸ ਸਭਿਆਚਾਰਾਂ ਦੇ ਆਪਸੀ ਮੇਲ-ਮਿਲਾਪ ਨਾਲ ਜੁੜਿਆ ਹੋਇਆ ਹੈ। ਇਸ ਮੇਲ ਮਿਲਾਪ ਦੌਰਾਨ ਸਭਿਆਚਾਰਾਂ ਜਾਂ ਸਮਾਜਕ ਸਮੂਹਾਂ ਵਿਚ ਜੋ ਤਣਾਅ ਉਸਰਦੇ ਹਨ, ਆਮ ਕਰਕੇ ਇਨ੍ਹਾਂ ਦੇ ਕਾਰਨ ਧਰਮ, ਰੰਗ, ਨਸਲ, ਪਛਾਣ ਆਦਿ ਦੱਸੇ ਜਾਂਦੇ ਹਨ। ਦਸਤਾਰ ਦੇ ਪਾਰ ਸਭਿਆਚਾਰਕ ਪ੍ਰਸੰਗ ਵਿਚ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਵੀਹਵੀਂ ਸਦੀ ਦੇ ਆਰੰਭ ਵਿਚ ਏਸ਼ੀਆਈਆਂ ਖ਼ਿਲਾਫ ਦੰਗੇ ਹੋਏ ਅਤੇ ਏਸ਼ੀਅਨ ਐਕਸਪਲਸਨ ਲੀਗ ਦੇ ਕਾਰਨਾਮਿਆਂ ਵਿਚ ਸਿੱਖ ਨਿਸ਼ਾਨਾ ਬਣਾਏ ਗਏ। ਇਨ੍ਹਾਂ ਦੇ ਨਾਲ ਹੀ ਹੋਰ ਏਸ਼ੀਆਈ ਲੋਕਾਂ ਉਪਰ ਵੀ ਹਮਲੇ ਹੋਏ ਜਿਸ ਦਾ ਕਾਰਨ ਏਸ਼ੀਆਈ ਲੋਕਾਂ ਦੀ ਵੱਖਰੇ ਪਹਿਰਾਵੇ ਅਤੇ ਕਾਲੀ ਚਮੜੀ ਨੂੰ ਮੰਨਿਆ ਗਿਆ ਕਿ ਉਨ੍ਹਾਂ ਦੀ ਵੱਖਰੀ ਦਿੱਖ ਕਰਕੇ ਗੋਰਿਆਂ ਨੇ ਤਾਅਨੇ ਅਤੇ ਗਾਲਾਂ ਦਿੱਤੀਆਂ।'[17] ਹੈਰਾਨੀ ਦੀ ਗੱਲ ਹੈ ਕਿ ਜਦੋਂ ਡਾਇਸਪੋਰੇ ਦੇ ਲਗਭਗ ਇਕ ਸਦੀ ਦੇ ਸਫਰ ਤੋਂ ਬਾਅਦ ਅਮਰੀਕਾ 'ਤੇ 9/11 ਦਾ ਹਮਲਾ ਹੋਇਆ ਤੇ ਉਸ ਤੋਂ ਬਾਅਦ ਫਿਰ ਇਕ ਵਾਰੀ ਸਿੱਖਾਂ 'ਤੇ ਨਸਲੀ ਹਮਲਿਆਂ ਦਾ ਜਿਹੜਾ ਸਿਲਸਿਲਾ ਚੱਲਿਆ ਉਸ ਲਈ ਵੀ ਉਹੋ ਜਿਹੇ ਤਰਕ ਹੀ ਦਿੱਤੇ ਜਾ ਰਹੇ ਹਨ। 9/11 ਦੇ ਹਮਲਿਆਂ ਤੋਂ 4 ਦਿਨ ਮਗਰੋਂ ਹੀ ਬਲਵੀਰ ਸਿੰਘ ਸੋਢੀ ਦਾ ਕਤਲ ਕੀਤਾ ਗਿਆ।[18] ਕੋਲੰਬੀਆ ਯੂਨੀਵਰਸਿਟੀ ਦੇ ਇੱਕ ਸਿੱਖ ਪ੍ਰੋਫੈਸਰ 'ਤੇ 20 ਜਣਿਆਂ ਨੇ ਹਮਲਾ ਕੀਤਾ।[19] ਫਰੈਸਨੋ ਦੇ ਗੁਰਦੁਆਰਾ ਸਾਹਿਬ ਵਿਚ 81 ਸਾਲਾ ਬਜੁਰਗ ਉਪਰ 29 ਸਾਲ ਦੇ ਗੋਰੇ ਨੇ ਸਟੀਲ ਦੀ ਨਾਲੀ ਨਾਲ ਹਮਲਾ ਕਰ ਦਿੱਤਾ।[20] ਅਮਰੀਕਾ ਵਿਚ ਲਗਭਗ ਇਕ ਸਦੀ ਬਿਤਾ ਲੈਣ ਦੇ ਬਾਅਦ ਵੀ ਸਿੱਖ ਡਾਇਸਪੋਰੇ ਉਪਰ ਹੋਣ ਵਾਲੇ ਹਮਲਿਆਂ ਨੂੰ ਉਨ੍ਹਾਂ ਦੀ ਦਸਤਾਰ ਨਾਲ ਜੋੜਿਆ ਗਿਆ ਕਿ ਇਹ ਓਸਾਮਾ ਬਿਨ ਲਾਦੇਨ ਦਾ ਭੁਲੇਖਾ ਪਾਉਂਦੀ ਹੈ ਜਿਹੜਾ 9/11 ਦੇ ਹਮਲਿਆਂ ਦਾ ਮੁੱਖ ਦੋਸ਼ੀ ਹੈ।[21] ਮੀਡੀਆ ਅਤੇ ਅਮਰੀਕੀ ਪੁਲਿਸ ਵੀ ਪਛਾਣ ਦੇ ਭੁਲੇਖੇ ਨੂੰ ਹੀ ਸਿੱਖਾਂ ਉੱਪਰ ਹੋਣ ਵਾਲੇ ਨਸਲੀ ਹਮਲਿਆਂ ਦਾ ਮੂਲ ਕਾਰਨ ਦੱਸਦੀ ਹੈ।

ਇਸ ਤਰਕ ਨਾਲ ਉਥੋਂ ਦੀ ਹਕੂਮਤ ਅਤੇ ਮੇਜਬਾਨ ਸਮਾਜ ਦੋਸ਼ਮੁਕਤ ਹੁੰਦਾ ਹੈ ਅਤੇ ਸਰਕਾਰ ਦੀ ਡਾਇਸਪੋਰੇ ਪ੍ਰਤੀ ਅਸਰੁੱਖਿਆ ਅਤੇ ਅਮਰੀਕੀ ਸਮਾਜ ਦਾ ਨਸਲੀ ਸੁਭਾਅ ਦੁਜੈਲੇ ਕਾਰਨ ਹੋ ਜਾਂਦੇ ਹਨ। ਸਿੱਖਾਂ ਉਪਰ ਹੋਣ ਵਾਲੇ ਹਮਲੇ ਅਤੇ ਵਿਤਕਰਿਆਂ ਦੇ ਅਪਰਾਧ ਨਸਲੀ ਦੀ ਥਾਂ ਪ੍ਰਤੀਕਿਰਿਆਤਮਕ ਸਿੱਧ ਹੋ ਜਾਂਦੇ ਹਨ। ਨਵੇਂ ਵਿਧਾਨਾਂ ਵਿਚ ਪ੍ਰਤੀਕਿਰਿਆਤਮਕ ਅਪਰਾਧ ਨਸਲੀ ਨਾਲੋਂ ਬਹੁਤ ਛੋਟਾ ਜੁਰਮ ਹੈ। ਇਸ ਤਰ੍ਹਾਂ ਸਿੱਖਾਂ ਉਪਰ ਹੋਣ ਵਾਲੇ ਹਮਲਿਆਂ ਦੇ ਕਾਰਨ ਦਾ ਸਿੱਖਾਂ ਦੀ ਕੇਸ ਦਾੜ੍ਹੀ ਤੇ ਦਸਤਾਰ ਵਾਲੀ ਪਛਾਣ ਨੂੰ ਦੱਸਣ ਨਾਲ ਸਿੱਖ ਡਾਇਸਪੋਰੇ ਦੇ ਇਕ ਹਿੱਸੇ ਵਿਚ ਹਊਆ ਵੀ ਸਿਰਜਿਆ ਗਿਆ ਹੈ ਇਸ ਦੇ ਸਿੱਟੇ ਵਜੋਂ ਕੁਝ ਸਿੱਖਾਂ ਨੇ ਆਪਣੇ ਬਚਾਅ ਲਈ ਕੇਸਾਂ ਅਤੇ ਦਸਤਾਰ ਵਾਲੀ ਪਛਾਣ ਵੀ ਤਿਆਗੀ ਹੈ।

100 ਸਾਲ ਦੇ ਸਿੱਖ ਡਾਇਸਪੋਰੇ ਦੇ ਇਤਿਹਾਸ ਵਿਚ ਇਹ ਫਰਕ ਪਿਆ ਹੈ ਕਿ ਮੁੱਢ ਵਿਚ ਨਸਲੀ ਗੋਰੇ ਠੀਕ ਪਛਾਣ ਕੇ ਪੂਰਬੀ ਜਾਂ ਗੁਲਾਮ ਕਹਿ ਕੇ ਹਮਲੇ ਕਰਦੇ ਸਨ ਅਤੇ ਹੁਣ ਗਲਤ ਪਛਾਣ ਕਰਕੇ ਲਾਦੇਨ ਜਾਂ ਮੁਸਲਮਾਨ ਕਹਿ ਕੇ ਹਮਲਾ ਕਰਦੇ ਹਨ। ਦੂਜਾ ਪਾਸਾ ਇਹ ਵੀ ਹੈ ਕਿ ਸਾਰੇ ਹਮਲੇ ਨਿਰੀ ਗਲਤ ਪਛਾਣ ਕਰਕੇ ਹੀ ਨਹੀਂ ਹੁੰਦੇ ਸਗੋਂ ਉਹ

ਸਿੱਖਾਂ ਨੂੰ ਪਛਾਣ ਕੇ ਅਤੇ ਸਿੱਖ ਸਮਝ ਕੇ ਵੀ ਹੁਣ ਹਮਲੇ ਕਰਦੇ ਹਨ। ਅਮਰੀਕੀ ਨਸਲੀ ਸਮੂਹਾਂ ਦੇ ਸਿੱਖਾਂ ਖਿਲਾਫ ਨਸਲੀ ਉਚਾਰਾਂ ਨੂੰ ਮਹਿਨਾਜ ਐਮ. ਅਫਰੀਦੀ ਨੇ "The Gurdwara Sikh Killings: Domestic or global taxonomy of terrorism?' ਵਿਚ Vanguard News Network ਵਲੋਂ ਜਾਰੀ ਖਬਰਾਂ ਦਾ ਜਿਕਰ ਕੀਤਾ ਹੈ ਜਿਨ੍ਹਾਂ ਦਾ ਮੂਲ ਪਾਠ ਇਹ ਹੈ:

> You don't belong here in the country my ancestors fought to found and deeded to me and mine, their posterity. Even if you came here legally and even if you haven't done anything wrong personally. Go home, Sikhs. Go home to India where you belong. This is not your country, it belongs to white men.
>
> There are thousands of other angry white men like Page (ਗੁਰਦੁਆਰਾ ਵਿਸਕਾਨਸਨ ਦੇ ਕਤਲਕਾਂਡ ਦਾ ਕਾਤਲ) out there, the vast majority of them unknown; a commenter wrote. 'When will they, like Page, reach their breaking point, where they give up all hope for peaceful activism, a reach for their guns and start shooting at the first non-whites they see?[22]

ਹਮਲਿਆਂ ਦਾ ਨਿਰਾ ਕਾਰਨ ਭੁਲੇਖਾਮਈ ਪਛਾਣ ਹੋਣ ਨੂੰ ਉਪਰੋਕਤ ਦੋਵੇਂ ਖਬਰਾਂ ਰੱਦਦੀਆਂ ਹਨ। ਬਲਕਿ ਬੇਗੁਨਾਹ ਸਿੱਖਾਂ ਦੇ ਕਾਤਲ ਨੂੰ ਇਨ੍ਹਾਂ ਖਬਰਾਂ ਵਿਚ ਨਾਇਕ ਵਜੋਂ ਉਭਾਰਿਆ ਗਿਆ ਹੈ। ਪੁਲਿਸ, ਪ੍ਰਸ਼ਾਸਨ ਅਤੇ ਨਿਆਂ ਮਹਿਕਮਾ ਵੀ ਸਿੱਖਾਂ ਦੀ ਹਾਲਤ ਨੂੰ ਠੀਕ ਤਰ੍ਹਾਂ ਨਹੀਂ ਸਮਝ ਰਿਹਾ ਸਗੋਂ ਵਿਤਕਰਾ ਕਰ ਰਿਹਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇ ਅਮਰੀਕਾ ਵਿਚ ਪੁਲਿਸ ਸਿੱਖਾਂ ਦੀ ਦਸਤਾਰ ਅਤੇ ਹੋਰ ਧਾਰਮਕ ਚਿੰਨ੍ਹਾਂ ਦੀ ਅਹਿਮੀਅਤ ਨੂੰ ਸਮਝਣ ਲਈ ਤਿਆਰ ਨਹੀਂ ਹੈ ਤਾਂ ਉਥੇ ਸਿੱਖ ਸਮਾਜ ਖਤਰੇ ਹੇਠ ਹੈ।'[23]

2.4. ਆਧੁਨਿਕ ਯੁਗ ਦੇ ਸੁਰੱਖਿਆ ਕਾਰਨਾਂ ਕਰਕੇ ਵੀ ਦੁਨੀਆ ਭਰ ਵਿਚ ਦਸਤਾਰ ਨੂੰ ਅਨੇਕਾਂ ਵਾਰੀ ਵੰਗਾਰ ਹੋਈ ਹੈ। 'ਦੂਜੇ ਵਿਸ਼ਵ ਯੁੱਧ ਦੌਰਾਨ ਬਰਤਾਨਵੀ ਫੌਜ ਨੂੰ ਲੋਹ ਟੋਪ ਪਾਉਣਾ ਲਾਜਮੀ ਕਰਾਰ ਦਿੱਤਾ ਗਿਆ ਪਰ ਸਿੱਖਾਂ ਨੇ ਆਪਣੀ ਅਜਾਦੀ ਦੀ ਨਿਸ਼ਾਨੀ ਅਤੇ ਸਿਰ ਦੇ ਤਾਜ ਦਸਤਾਰ ਉਪਰ ਕਿਸੇ ਤਰ੍ਹਾਂ ਦਾ ਲੋਹ ਟੋਪ ਪਹਿਨਣ ਤੋਂ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਸਿਰ ਵਿਚ ਗੋਲੀ ਲਗ ਕੇ ਅਜਾਦ ਹਸਤੀ ਦੇ ਤੌਰ 'ਤੇ ਸ਼ਹੀਦ ਹੋਣਾ ਪ੍ਰਵਾਨ ਸੀ... ਉਨ੍ਹਾਂ ਨੇ ਬਰਤਾਨਵੀ ਸਰਕਾਰ ਨੂੰ ਕਹਿ ਦਿੱਤਾ ਕਿ ਜੇਕਰ ਕੋਈ ਸਿਪਾਹੀ ਸਿਰ ਵਿਚ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ ਤਾਂ ਉਹ ਪੈਨਸ਼ਨ ਨਹੀਂ ਲੈਣਗੇ...।'[24] ਇਸ ਤੋਂ ਬਿਨਾਂ ਜਹਾਜਾਂ, ਅੰਬੈਸੀਆਂ ਵਿਚ ਅਨੇਕਾਂ ਵਾਰੀ ਦਸਤਾਰ ਲਾਹ ਕੇ ਤਲਾਸ਼ੀ ਲੈਣ ਦੀਆਂ ਖਬਰਾਂ ਮਿਲਦੀਆਂ ਹਨ। ਹੋਟਲਾਂ, ਸਿਨੇਮਿਆਂ, ਕਲੱਬਾਂ, ਬੱਸਾਂ, ਰੇਲਾਂ ਆਦਿ ਅਤੇ ਸਮਾਜਕ ਭੀੜ ਵਾਲੀਆਂ ਥਾਵਾਂ 'ਤੇ ਦਸਤਾਰਧਾਰੀਆਂ ਤੇ ਪ੍ਰਸ਼ਨ ਕਰਨ, ਉਨ੍ਹਾਂ ਨੂੰ ਰੋਕਣ, ਦਸਤਾਰ ਲਾਹੁਣ ਲਈ ਕਹਿਣ ਆਦਿ ਦੇ ਆਮ ਹਵਾਲੇ ਮਿਲਦੇ ਹਨ। ਜਦਕਿ ਹੁਣ ਦੇ ਯੁਗ ਵਿਚ ਕੱਪੜਿਆਂ ਤੋਂ ਪਾਰ ਵੇਖ ਲੈਣ ਵਾਲੇ ਸਕੈਨਰ ਵੀ ਮੌਜੂਦ ਹਨ।

3.1. ਦਸਤਾਰ ਅਤੇ ਸਿੱਖ ਰਹਿਤ ਦੇ ਮੁਕੰਮਲ ਹੱਕਾਂ ਦੀ ਪ੍ਰਾਪਤੀ ਦੇ ਸਨਮੁਖ ਜਿਹੜੀਆਂ ਚੁਣੌਤੀਆਂ ਹੋਈਆਂ, ਉਨ੍ਹਾਂ ਨੂੰ ਸਿੱਖ ਧਰਮ ਵਲੋਂ ਨਜਿੱਠਣ ਲਈ ਕੁਝ ਅਹਿਮ ਪ੍ਰਤੀਕਰਮ ਹੋਏ। ਪਹਿਲਾ, ਇਨ੍ਹਾਂ ਦਰਪੇਸ਼ ਮੁਸ਼ਕਲਾਂ ਦੇ ਪ੍ਰਤੀਉੱਤਰ ਵਜੋਂ ਸਿੱਖ ਆਪਣੇ ਬਾਰੇ ਖੁਦ ਦੁਨੀਆ ਨੂੰ ਦੱਸਣ ਲੱਗੇ। ਪਹਿਲਾਂ ਪਹਿਲ ਮੁਸ਼ਕਲ ਇਹ ਸੀ ਕਿ ਆਧੁਨਿਕ ਅਕਾਦਮਿਕਤਾ ਵਿਚ ਸਿੱਖਾਂ ਬਾਰੇ ਹਿੰਦੂ ਜਾਂ ਅੰਗਰੇਜ ਵਿਦਵਾਨਾਂ ਨੇ ਲਿਖਿਆ। ਪੜ੍ਹੇ ਲਿਖੇ ਸਿੱਖ ਵਰਗ ਨੇ ਅਕਾਦਮਿਕਤਾ ਦੇ ਖੇਤਰ ਰਾਹੀਂ ਸਿੱਖ ਧਰਮ, ਰਹਿਤ ਮਰਿਆਦਾ, ਇਤਿਹਾਸ, ਸਭਿਆਚਾਰ, ਬੋਲੀ, ਪਛਾਣ ਅਤੇ ਆਪਣੀ ਧਰਤੀ ਬਾਰੇ ਚਿੰਤਨ ਅਤੇ ਚੇਤਨਾ ਵਿਚ ਪੈਰ ਧਰਿਆ। ਵਿਦੇਸਾਂ ਦੀਆਂ ਯੂਨੀਵਰਸਿਟੀਆਂ ਵਿਚ ਸਿੱਖੀ ਨਾਲ ਸੰਬੰਧਤ ਚੇਅਰਾਂ ਅਤੇ ਵਿਭਾਗ ਬਣਾਏ ਗਏ। ਇੰਟਰਨੈਟ ਅਤੇ ਮੀਡੀਆ ਰਾਹੀਂ ਸਿੱਖਾਂ ਨੇ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਅਤੇ ਕਰ ਰਹੇ ਹਨ। ਅਨੇਕਾਂ ਸੰਸਥਾਵਾਂ ਨੇ ਆਪਣੀਆਂ ਸਾਈਟਾਂ ਬਣਾਈਆਂ ਹੋਈਆਂ ਹਨ।[25] ਇਸ ਤੋਂ ਸਿੱਖਾਂ ਨੇ ਗੁਰਦੁਆਰਿਆਂ ਵਿਚ ਅਤੇ ਗੁਰਦੁਆਰਿਆਂ ਵਲੋਂ ਆਫਤਾਂ ਜਾਂ ਦੁਰਘਟਨਾਵਾਂ ਵਾਲੀਆਂ ਥਾਵਾਂ ਤੇ ਲੰਗਰ ਅਤੇ ਸ਼ਰਨ ਦੇਣ ਦੇ ਸੇਵਾ ਵਾਲੇ ਵੀ ਅਨੇਕਾਂ ਕਾਰਜ ਆਰੰਭੇ ਹੋਏ ਹਨ। ਸ਼ਤਾਬਦੀਆਂ ਅਤੇ ਹਰੇਕ ਸਾਲ ਗੁਰਪੁਰਬਾਂ ਰਾਹੀਂ ਵੱਖੋ ਵੱਖ ਦੇਸਾਂ ਵਿਚ ਪਛਾਣ ਦੇ ਪ੍ਰਦਰਸ਼ਨ ਰਾਹੀਂ ਮੇਜਬਾਨ ਸਮਾਜਾਂ ਤੱਕ ਸੁਨੇਹਾ ਪੁਚਾਇਆ ਜਾਂਦਾ ਹੈ। SALDEF, Sikh Federation, Sikh Coalition, Khalsa Aid ਆਦਿ ਸੰਸਥਾਵਾਂ ਇਸ ਇਸ ਪਾਸੇ ਕਾਰਜ ਕਰ ਰਹੀਆਂ ਹਨ। ਸਿੱਖਾਂ ਦੇ ਅਜਿਹੇ ਕਾਰਜਾਂ ਕਰਕੇ ਹੀ ਯੂਨਾਈਟਡ ਸਟੇਟਸ ਕਾਂਗਰਸ ਦੇ 30 ਮੈਂਬਰਾਂ ਨੇ ਸਕੂਲੀ ਸਿੱਖ ਬੱਚਿਆਂ ਨੂੰ ਡਰਾਉਣ-ਧਮਕਾਉਣ ਵਿਰੁੱਧ ਚਿੱਠੀ ਲਿਖ ਕੇ ਦਸਤਖਤਾਂ ਸਹਿਤ ਅਮਰੀਕੀ ਸਿੱਖਿਆ ਅਤੇ ਨਿਆਂ ਵਿਭਾਗ ਨੂੰ ਭੇਜੀ ਸੀ।[26] ਸਿੱਖ ਧਰਮ ਦੇ ਸਾਂਝੀਵਾਲਤਾ ਵਾਲੇ ਬਹੁਲਤਾਵਾਦੀ, ਇਨਸਾਫ ਪਸੰਦ, ਸੇਵਾ ਤੇ ਜਬਰ ਜੁਲਮ ਵਿਰੋਧੀ ਅਤੇ ਬਰਾਬਰੀ ਆਦਿ ਦੇ ਮੁੱਲਾਂ ਨੂੰ ਉਭਾਰਿਆ ਜਾ ਰਿਹਾ ਹੈ। ਯੂਰਪ, ਕੈਨੇਡਾ, ਅਮਰੀਕਾ ਵਿਚ ਮੋਮਬੱਤੀ ਮਾਰਚ ਵੀ ਕੱਢੇ ਗਏ। ਇਹ ਸਾਰੇ ਜਤਨ ਜਿੱਥੇ ਸਿੱਖਾਂ ਦੀ ਦਸਤਾਰਧਾਰੀ ਪਛਾਣ ਨੂੰ ਪਾਰ ਸਭਿਆਚਾਰਕ ਤੌਰ 'ਤੇ ਸਥਾਪਤ ਕਰ ਰਹੇ ਹਨ ਉਥੇ ਉਨ੍ਹਾਂ ਨਾਲ ਹੋਰ ਡਾਇਸਪੋਰਿਆਂ ਨੂੰ ਵੀ ਜੋੜ ਰਹੇ ਹਨ। ਕਿਸੇ ਵੀ ਸਬਾਲਟਰਨ ਹਾਲਤ ਵਿਚੋਂ ਨਿਕਲਣ ਲਈ ਖੁਦ ਬੋਲਣਾ ਜਰੂਰੀ ਹੁੰਦਾ ਹੈ ਜੋ ਸਿੱਖ ਕਰਨ ਲੱਗੇ ਹਨ।

3.2. ਦੁਨੀਆ ਭਰ ਵਿਚ ਸਿੱਖ ਪਛਾਣ ਲਈ ਮੂਲਵਾਸੀਆਂ ਅਤੇ ਡਾਇਸਪੋਰਿਆਂ ਨੇ ਸਾਂਝੇ ਰੂਪ ਵਿਚ ਵੀ ਜੱਦੋਜਹਿਦ ਕੀਤੀ। ਇਧਰਲੇ ਸਿੱਖ ਆਗੂਆਂ ਨੇ ਕੇਂਦਰ ਸਰਕਾਰ ਅਤੇ ਉਧਰਲੇ ਸਿੱਖਾਂ ਨੇ ਸਥਾਨਕ ਸਰਕਾਰਾਂ ਤੱਕ ਰਾਜਨੀਤਕ ਤਰੀਕੇ ਨਾਲ ਪਹੁੰਚ ਵੀ ਕੀਤੀ। ਮਾਸਟਰ ਤਾਰਾ ਸਿੰਘ, ਸਰਦਾਰ ਗੁਰਨਾਮ ਸਿੰਘ [27] ਆਦਿ ਆਗੂਆਂ ਨੇ ਭਾਰਤ ਸਰਕਾਰ ਤੱਕ ਪਹੁੰਚ ਕੀਤੀ। ਵੀਹਵੀਂ ਸਦੀ ਵਿਚ ਅੰਗਰੇਜ ਹਕੂਮਤ ਖਿਲਾਫ਼ ਸ਼ਾਂਤਮਈ ਵਿਰੋਧ ਕਰਨ ਅਤੇ ਜਾਨ ਲੇਖੇ ਲਾ ਦੇਣ ਦਾ ਤਜਰਬਾ ਸਿੱਖ ਡਾਇਸਪੋਰੇ ਨੇ ਵਿਦੇਸ਼ਾਂ ਵਿਚ ਆਪਣੀ ਪਛਾਣ ਦਾ ਹੱਕ ਹਾਸਲ ਕਰਨ ਲਈ ਵੀ ਅਜਮਾਇਆ।[28] ਫਰਾਂਸ ਵਿਚ ਦਸਤਾਰ 'ਤੇ ਪਾਬੰਦੀ ਨੂੰ ਤੋੜਨ ਲਈ ਇਧਰਲੇ ਪ੍ਰਸਿੱਧ ਸਿੱਖ ਆਗੂਆਂ 'ਤੇ ਸੰਸਥਾਵਾਂ ਨੇ ਵੀ ਫਰਾਂਸ ਤੱਕ ਪਹੁੰਚ ਕੀਤੀ। 2008 ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਫਰਾਂਸੀਸੀ ਰਾਸ਼ਟਰਪਤੀ ਨਾਲ ਇਸ ਮਸਲੇ 'ਤੇ ਗੱਲਬਾਤ ਕੀਤੀ।[29] ਡਾ. ਮਨਮੋਹਨ ਸਿੰਘ ਦਾ ਪ੍ਰਧਾਨ ਮੰਤਰੀ ਬਣਨਾ ਦਸਤਾਰ ਵਾਲੀ ਸਿੱਖ ਪਛਾਣ ਦਾ ਆਪਣੇ ਆਪ ਵਿਚ ਇਕ ਪਾਰ ਸਭਿਆਚਾਰਕ ਤੱਥ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਵੀ ਸਮੇਂ ਸਮੇਂ 'ਤੇ ਇਸ ਪਾਸੇ ਜਤਨ ਕੀਤੇ ਗਏ ਹਨ।

ਇਸ ਦੇ ਨਾਲ ਹੀ ਸਿੱਖਾਂ ਵਲੋਂ ਮੇਜਬਾਨ ਦੇਸਾਂ ਵਿਚ ਭਾਰਤੀ ਹਾਈ ਕਮਿਸ਼ਨ ਦੀ ਮਦਦ ਲੈਣ ਦੇ ਜਤਨ ਵੀ ਕੀਤੇ ਗਏ ਪਰ ਉਨ੍ਹਾਂ ਨੇ ਕਮਿਸ਼ਨ ਦੇ 'ਗੈਰ ਹਮਦਰਦ ਰਵੱਈਏ' ਤੋਂ ਅਪਮਾਨ ਮਹਿਸੂਸ ਕੀਤਾ।[30] ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਬਿਨਾਂ ਕੇਂਦਰ ਸਰਕਾਰ ਦਾ ਸਿੱਖਾਂ ਦੇ ਪਾਰ ਸਭਿਆਚਾਰਕ ਮਸਲਿਆਂ ਪ੍ਰਤੀ ਨਾਂਹਵਾਚਕ ਰਵੱਈਆ ਰਿਹਾ ਹੈ। ਇਸ ਦੀ ਇਕ ਮਿਸਾਲ 2016 ਦੇ ਗਣਤੰਤਰ ਦਿਹਾੜੇ ਤੇ ਫਰਾਂਸੀਸੀ ਰਾਸ਼ਟਰਪਤੀ ਦੀ ਆਮਦ ਵੇਲੇ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਨਾ ਚਲਾਉਣਾ ਹੈ, ਬਲਕਿ ਇਸ ਸਾਲ ਸਿੱਖ ਬਟਾਲੀਅਨ ਨੂੰ ਗਣਤੰਤਰ ਦਿਹਾੜਾ ਪ੍ਰੇਡ ਵਿਚ ਨਾ ਸ਼ਾਮਲ ਕਰਨਾ ਸਰਕਾਰ ਦੇ ਨਾਂਹਵਾਚੀ ਰਵੱਈਏ ਨੂੰ ਉਜਾਗਰ ਕਰਦਾ ਹੈ। ਸਿੱਖ ਮੀਡੀਆ ਦੇ ਕੁਝ ਹਿੱਸਿਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਚੁੱਪ ਵਾਲੇ ਰਵੱਈਏ ਨੂੰ ਵੀ ਨਿਸ਼ਾਨਾ ਬਣਾਇਆ।[31] ਇਸ ਤੱਥ ਤੋਂ ਇਹ ਜਾਹਰ ਹੁੰਦਾ ਹੈ ਕਿ ਭਾਰਤ ਵਿਚ ਵੀ ਸਿੱਖਾਂ ਦਾ ਸਥਾਨ ਉਸ ਪੱਧਰ ਤੱਕ ਮਜਬੂਤ ਨਹੀਂ ਜਿਸ ਪੱਧਰ ਤੱਕ ਮੂਲਵਾਸ ਵਿਚ ਹੋਣਾ ਚਾਹੀਦਾ ਹੈ। ਵਰਤਮਾਨ ਹਾਲਤ ਵਿਚ ਭਾਰਤ ਅੰਦਰ ਵੀ ਘੱਟ ਗਿਣਤੀਆਂ ਘੁਟਣ ਮਹਿਸੂਸ ਕਰ ਰਹੀਆਂ ਹਨ। ਸਾਲ 2015 ਵਿਚ ਸਾਹਿਤਕਾਰਾਂ, ਐਕਟਰਾਂ ਅਤੇ ਹੋਰ ਪ੍ਰਸਿੱਧ ਸ਼ਖ਼ਸੀਅਤਾਂ ਵੱਲੋਂ ਇਨਾਮ ਵਾਪਸ ਕਰਨੇ ਅਤੇ ਸਰਕਾਰ ਦੇ ਬਹੁਗਿਣਤੀ ਮੁਖਤਾ ਵਾਲੇ ਰੁਝਾਨ ਦੀ ਭਰਪੂਰ ਆਲੋਚਨਾ ਕਰਨਾ ਆਦਿ, ਇਸ ਦੇ ਪ੍ਰਮਾਣ ਹੈ।

3.3. ਹਕੂਮਤਾਂ ਦੀ ਮਹਾਂਬਿਰਤਾਤਕ ਪਹੁੰਚ ਵਿਚ ਠੀਕ ਤਰੀਕੇ ਹੱਕ ਹਾਸਲ ਕਰਨ ਲਈ ਅਧੀਨ ਵਰਗਾਂ, ਘੱਟਗਿਣਤੀਆਂ, ਕਮਜੋਰ ਵਰਗਾਂ ਅਤੇ ਡਾਇਸਪੋਰਿਆਂ ਨੂੰ ਇਕਜੁੱਟ ਹੋਣਾ ਪੈਂਦਾ ਹੈ। ਜਿਥੇ ਇਹ ਵਰਗ/ਜੁੱਟ ਇਕ ਦੂਜੇ ਨੂੰ ਦਰਪੇਸ਼ ਮਸਲਿਆਂ ਵਿਚ ਇਕੱਠੇ ਨਹੀਂ ਹੁੰਦੇ ਉਥੇ ਸਬਾਲਟਰਨ ਦੀ ਪਛਾਣ ਗੰਭੀਰ ਖਤਰੇ ਹੇਠ ਆ ਜਾਂਦੀ ਹੈ। ਅਸੀਂ ਵੇਖਿਆ ਹੈ ਕਿ ਸਿੱਖਾਂ ਸਾਹਮਣੇ ਪਰਵਾਸ ਦੇ ਮੁੱਢ ਤੋਂ ਨਿਵੇਕਲੀ ਪਛਾਣ ਦਾ ਹੱਕ ਹਾਸਲ ਕਰਨ ਦਾ ਮਸਲਾ ਹੈ। ਸਿੱਖ ਡਾਇਸਪੋਰੇ ਦਾ ਪਰਵਾਸ ਵੇਲੇ ਮੂਲ ਸਰੋਕਾਰ ਵਧੇਰੇ ਕਰਕੇ ਆਰਥਿਕ ਰਿਹਾ ਹੈ ਅਤੇ ਕਿਹਾ ਜਾਂਦਾ ਹੈ ਕਿ ਉਸ ਨੇ ਜੀਵਨ ਕੀਮਤਾਂ ਦੀ ਥਾਂ ਆਰਥਿਕ ਸ਼ਰਤਾਂ ਮੁਤਾਬਕ ਆਪਣੇ ਆਪ ਨੂੰ ਵਧੇਰੇ ਢਾਲਿਆ ਹੈ। ਇਕ ਸਦੀ ਦੇ ਅਰਸੇ ਦੌਰਾਨ ਸਿੱਖ ਡਾਇਸਸਪੋਰੇ ਨੇ ਅਹਿਮ ਪ੍ਰਾਪਤੀਆਂ ਵੀ ਕੀਤੀਆਂ ਹਨ ਜਿਸ ਵਿਚ ਉਨ੍ਹਾਂ ਦੀਆਂ ਮੰਗਾਂ ਅਤੇ ਸੰਘਰਸ਼ ਵਿਚ ਹੋਰ ਡਾਇਸਪੋਰਿਆਂ ਨੇ ਵੀ ਸਾਥ ਦਿੱਤਾ। ਵੀਹਵੀਂ ਸਦੀ ਆਰੰਭਕ ਸੰਘਰਸ਼ ਅਤੇ ਵਿਰੋਧ ਵੇਲੇ ਜਦੋਂ ਭਾਰਤੀ ਪਰਵਾਸੀਆਂ ਨੂੰ 'ਹਬਸ਼ੀ' ਆਖਿਆ ਗਿਆ ਤਾਂ ਉਹ ਚੀਨੀ ਅਤੇ ਜਪਾਨੀ ਲੋਕਾਂ ਨਾਲ ਇਕੱਠੇ ਹੋ ਗਏ।[32] 9/11 ਤੋਂ ਬਾਅਦ ਵੀ ਨਸਲੀ ਹਿੰਸਾ ਵਿਚ ਮੁਸਲਮਾਨਾਂ, ਸਿੱਖਾਂ, ਹਿੰਦੂਆਂ ਅਤੇ ਯਹੂਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਮੇਜਬਾਨ ਸਮਾਜ ਦੀ ਸਾਰਿਆਂ ਪ੍ਰਤੀ ਨਫਰਤ ਅਤੇ ਡਾਇਸਪੋਰਿਆਂ ਦੀ ਕਮਜੋਰ ਹਾਲਤ ਉਨ੍ਹਾਂ ਨੂੰ ਇਕੱਠੇ ਹੋਣ ਲਈ ਪ੍ਰੇਰਤ ਕਰਦੀ ਹੈ। ਦਰਸ਼ਨ ਸਿੰਘ ਤਾਤਲਾ ਨੇ ਹਵਾਲਾ ਦਿੱਤਾ ਹੈ ਕਿ ਯਹੂਦੀ ਕਾਂਗਰਸ ਨੇ ਦਸਤਾਰ ਵਿਰੋਧੀ ਕਾਨੂੰਨ ਦੇ ਖਾਤਮੇ ਲਈ ਜੋਰ ਪਾਇਆ ਸੀ।[33] ਡਾਇਸਪੋਰਿਆਂ ਕੋਲ ਇਸ ਤਰ੍ਹਾਂ ਸਮੂਹਕ ਰੂਪ ਵਿਚ ਦਬਾਅ ਬਣਾਉਣਾ ਇਕ ਕਾਰਗਰ ਹਥਿਆਰ ਹੁੰਦਾ ਹੈ। ਪਰ ਰਾਜਨੀਤੀ ਦੇ ਨਵੇਂ ਮਾਡਲਾਂ ਵਿਚ ਅਜਿਹੀਆਂ ਸਾਂਝਾਂ ਨੂੰ ਤੋੜਨ ਦੇ ਅਨੇਕਾਂ ਤਰੀਕੇ ਹਨ ਜੋ ਹਕੂਮਤਾਂ ਵਰਤਦੀਆਂ ਹਨ। ਉਨ੍ਹਾਂ ਦੀ ਜਿੰਦਗੀ ਨੂੰ ਕਈ ਤਰ੍ਹਾਂ ਦੇ ਅੜਿੱਕਿਆਂ ਨਾਲ ਮੁਸ਼ਕਲ ਬਣਾ ਦਿੱਤਾ ਜਾਂਦਾ ਹੈ, ਫੌਜਦਾਰੀ ਅਤੇ ਅਦਾਲਤੀ ਤੌਰ 'ਤੇ ਵੀ ਦੂਸਰਿਆਂ ਦੀ ਤਾਕਤ ਨੂੰ ਤੋੜਿਆ ਜਾਂਦਾ ਹੈ। ਇਸ ਲਈ ਹਾਲਤ ਇਹ ਬਣਦੀ ਜਾ ਰਹੀ ਹੈ ਕਿ ਪਾਰ ਸਭਿਆਚਾਰਕ ਹਾਲਤਾਂ ਵਿਚ ਹਕੂਮਤ ਦੇ ਅਨੁਕੂਲ ਰਹਿ ਕੇ ਤਾਂ ਕਾਫੀ ਕੁਝ ਹਾਸਲ ਹੋ ਸਕਦਾ ਹੈ ਪਰ ਜੇ ਹਿਤ ਹਕੂਮਤ ਨਾਲ ਟਕਰਾਉਂਦੇ ਹਨ ਤਾਂ ਹੋਰ ਤਰ੍ਹਾਂ ਦੇ ਨਤੀਜੇ ਨਿਕਲਣ ਦੀ ਸੰਭਾਵਨਾ ਹੁੰਦੀ ਹੈ।

3.4. ਦਸਤਾਰ, ਸਿੱਖ ਪਛਾਣ ਅਤੇ ਸਿੱਖ ਹਸਤੀ ਨੂੰ ਡਾਇਸਿਪੋਰਕ ਹਾਲਤਾਂ ਵਿਚ ਦਰਪੇਸ਼ ਸਮੱਸਿਆਵਾਂ ਨੂੰ ਨਜਿੱਠਣ ਲਈ ਸਿੱਖਾਂ ਦੇ ਇਕ ਹਿੱਸੇ ਨੇ ਆਪਣੀਆਂ ਰਾਜਨੀਤਕ ਹਾਲਤਾਂ ਬਾਰੇ ਵੀ ਚਿੰਤਨ ਕੀਤਾ। ਦਰਸ਼ਨ ਸਿੰਘ ਤਾਤਲਾ ਮੁਤਬਾਕ ਦਸਤਾਰ ਅਤੇ ਕਿਰਪਾਨ ਦੇ ਮਾਮਲਿਆਂ ਵਿਚੋਂ ਬਹੁੱਤੇ ਸਿੱਖ ਆਗੂਆਂ ਦੀ ਇਹ ਸਮਝ ਬਣੀ ਕਿ ਸਿੱਖਾਂ ਦਾ ਕੋਈ 'ਕੌਮੀ ਰੁਤਬਾ' (national identity) ਨਹੀਂ ਹੈ।[34] 9/11 ਤੋਂ ਬਾਅਦ ਦੇ ਨਸਲੀ ਹਮਲਿਆਂ ਨਾਲ ਸਿੱਖਾਂ ਦੀ ਅਜਾਦ ਧਰਤੀ/ ਰਾਜ ਦਾ ਮਸਲਾ ਵੀ ਉੱਭਰਿਆ। ਭਾਰਤੀ ਹਕੂਮਤ ਦੇ ਵਿਤਕਰਿਆਂ ਅਤੇ ਡਾਇਸਪੋਰਕ ਹਾਲਤਾਂ ਵਿਚ ਪਛਾਣ ਦੇ ਸੰਕਟ ਨੂੰ ਹੱਲ ਕਰਨ ਲਈ ਸਿੱਖ ਰਾਜ ਦੀ ਲੋੜ ਸਮਝੀ ਗਈ।

3.5. ਪਛਾਣ ਦੇ ਮਾਮਲੇ ਬਾਰੇ ਇਕ ਹੋਰ ਅਹਿਮ ਪੱਖ ਇਹ ਹੈ ਕਿ ਪੰਜਾਬ, ਭਾਰਤ ਅਤੇ ਵਿਦੇਸਾਂ ਵਿਚ ਵਸਦੇ ਸਿੱਖਾਂ ਦਾ ਵੱਡਾ ਹਿੱਸਾ ਦਸਤਾਰ ਅਤੇ ਰਹਿਤ ਵਾਲੀ ਪਛਾਣ 'ਤੇ ਵਧੇਰੇ ਕੇਂਦਰਤ ਹੈ ਜਦਕਿ ਉਹ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਪ੍ਰਤੀ ਅਣਗਹਿਲੀ ਵਰਤ ਰਿਹਾ ਹੈ। ਬੋਲੀ ਅਤੇ ਲਿਪੀ ਪਛਾਣ, ਵਿਰਸੇ ਅਤੇ ਸਭਿਆਚਾਰਕ ਚੇਤੇ (cultural memory) ਦੀ ਸੰਭਾਲ ਲਈ ਅਤਿਜਰੂਰੀ ਹਨ। ਵੱਖੋ ਵੱਖ ਸਮਿਆਂ 'ਤੇ ਹੋਰ ਦੇਸਾਂ ਵਿਚ ਅਤੇ ਵਰਤਮਾਨ ਸਮੇਂ ਵਿਚ ਫਰਾਂਸੀਸੀ ਸਕੂਲਾਂ ਵਿਚ ਦਸਤਾਰ ਨੂੰ ਜਿਹੜੀ ਵੰਗਾਰ ਹੋਈ ਹੈ ਉਸ ਖਿਲਾਫ ਸਿੱਖਾਂ ਨੇ ਲਾਮਬੰਦ ਹੋ ਕੇ ਮਾਰਚ ਕੀਤੇ ਅਤੇ ਹੋਰ ਅਨੇਕਾਂ ਭਾਂਤ ਦੇ ਉਪਰਾਲੇ ਕੀਤੇ ਹਨ। ਇਸ ਕਾਰਜ ਵਿਚ ਮੂਲਵਾਸ ਅਤੇ ਪਰਵਾਸ ਦੋਵਾਂ ਨੇ ਇਕੱਠਿਆਂ ਕੰਮ ਕੀਤਾ ਹੈ ਅਤੇ ਕਰ ਰਹੇ ਹਨ। ਪੰਜਾਬੀ ਬੋਲੀ ਉੱਪਰ ਇਧਰਲੇ ਅਨੇਕਾਂ ਸਕੂਲਾਂ ਵਿਚ ਪਾਬੰਦੀ ਹੈ, ਇਥੋਂ ਤੱਕ ਕਿ ਸਿੱਖ ਟਰਸਟਾਂ ਵਲੋਂ ਚਲਾਏ ਜਾਂਦੇ ਸਕੂਲਾਂ ਕਾਫੀ ਵਿਚ ਵੀ ਪੰਜਾਬੀ ਬੋਲਣ 'ਤੇ ਰੋਕ ਹੈ ਜਾਂ ਪੰਜਾਬੀ ਅਤੇ ਗੁਰਮੁਖੀ ਹਾਸ਼ੀਏ 'ਤੇ ਹਨ। ਸਿੱਖਾਂ ਲਈ ਸਭ ਤੋਂ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਤੱਕ ਠੀਕ ਤਰੀਕੇ ਪਹੁੰਚ ਪੰਜਾਬੀ ਅਤੇ ਗੁਰਮੁਖੀ ਰਾਹੀਂ ਹੀ ਹੋ ਸਕਦੀ ਹੈ। ਧਰਮ ਦੇ ਪਵਿੱਤਰ ਗ੍ਰੰਥ ਨਾਲ ਜੁੜੇ ਰਹਿਣਾ ਬੇਹੱਦ ਜਰੂਰੀ ਹੁੰਦਾ ਹੈ। ਉਸ ਪਵਿੱਤਰ ਗ੍ਰੰਥ ਦੀ ਬੋਲੀ ਉਸਨੂੰ ਮੰਨਣ ਵਾਲਿਆਂ ਲਈ ਪਵਿੱਤਰ ਹੁੰਦੀ ਹੈ। ਦਸਤਾਰ ਨੇ ਜਿਸ ਕਿਰਦਾਰ ਜਾਂ ਧਰਮ ਦੀ ਪਛਾਣ ਬਣਾਉਣੀ ਹੈ ਉਸ ਲਈ ਪੰਜਾਬੀ ਬੋਲੀ ਦਾ ਸਾਲਮ ਸਬੂਤੀ ਰਹਿਣਾ ਅਤੇ ਲੋਕਾਂ ਦੀ ਜੁਬਾਨ 'ਤੇ ਰਹਿਣਾ ਬਹੁਤ ਜਰੂਰੀ ਹੈ। ਵੱਖਰੇ ਰੂਪ ਵਿਚ ਇਕੱਲੀ ਦਸਤਾਰ ਜਾਂ ਰਹਿਤ ਦਾ ਮਸਲਾ ਹੱਲ ਕਰਨ ਤਾਂ ਹੀ ਸਾਰਥਕ ਹੋ ਸਕਦਾ ਹੈ ਸਭਿਆਚਾਰ ਦੀ ਬੋਲੀ ਨੂੰ ਵੀ ਸਾਂਭਿਆ ਜਾਵੇ। ਸਿੱਖਾਂ ਨੂੰ ਪਵਿੱਤਰ ਗਿਆਨ ਪ੍ਰਬੰਧ, ਅਧਿਆਤਮ, ਸਮਾਜ ਅਤੇ ਪਛਾਣ ਦੇ ਮਸਲਿਆਂ ਨੂੰ ਇਕੋ ਵੇਲੇ ਮੁਖਾਤਿਬ ਹੋਣਾ ਪਵੇਗਾ। ਸਿੱਖੀ ਵਿਚ ਵਿਰਸੇ ਅਤੇ ਜਿੰਦਗੀ ਨੂੰ ਟੋਟਿਆਂ ਵਿਚ ਸਾਂਭਣ ਜਾਂ ਸਮਝਣ ਦਾ ਸੰਕਲਪ ਹੈ ਹੀ ਨਹੀਂ। ਟੋਟਿਆਂ ਵਿਚ ਵੰਡ ਕੇ ਜਾਂ ਦਰਜੇਬੰਦੀ ਕਰਕੇ ਮਸਲਿਆਂ ਨੂੰ ਨਜਿੱਠਣ ਦਾ ਵਰਤਾਰਾ ਸਿੱਖਾਂ ਨੂੰ ਮੂਲ ਆਤਮਾ ਤੋਂ ਵੱਖ ਕਰ ਸਕਦਾ ਹੈ। ਵਿਦੇਸਾਂ ਵਿਚ ਤਾਂ ਪੰਜਾਬੀਆਂ ਦੇ ਕੁਝ ਜਤਨਾਂ ਸਦਕਾ ਪੰਜਾਬੀ ਅਤੇ ਗੁਰਮੁਖੀ ਵੇਖਣ ਨੂੰ ਮਿਲਦੀ ਹੈ। ਪਰ ਮੂਲਵਾਸ ਅਤੇ ਪਰਵਾਸ ਦੇ ਸਕੂਲਾਂ ਵਿਚ ਪੰਜਾਬੀ ਦੀ ਹਾਲਤ ਬਹੁਤ ਤਰਸਯੋਗ ਹੈ। ਜੇ ਇਹੀ ਹਾਲ ਰਿਹਾ ਤਾਂ ਕਿਸੇ ਵੇਲੇ ਪੰਜਾਬੀ ਅਤੇ ਗੁਰਮੁਖੀ ਧਾਰਮਕ ਥਾਵਾਂ 'ਤੇ ਰਸਮਾਂ ਨਿਭਾਉਣ ਜੋਗੀਆਂ ਹੀ ਰਹਿ ਜਾਣਗੀਆਂ। ਦਸਤਾਰ ਦੇ ਨਾਲ ਨਾਲ ਬਾਕੀ ਦੇ ਸਾਰੇ ਮਸਲਿਆਂ ਬਾਰੇ ਵੀ ਸੋਚਣਾ ਅਤੇ ਠੀਕ ਪੈਂਤੜਾ ਲੈਣਾ ਬਹੁਤ ਜਰੂਰੀ ਹੈ।

3.6. ਵਰਤਮਾਨ ਸਮੇਂ ਵਿਚ ਦਸਤਾਰ ਅਤੇ ਰਹਿਤ ਦੇ ਪੱਖ ਵਿਚ ਕਈ ਨਵੀਂ ਤਰ੍ਹਾਂ ਦੇ ਰੁਝਾਨ ਭਾਰੂ ਹੋਏ ਹਨ। ਇਨ੍ਹਾਂ ਵਿਚੋਂ ਪਹਿਲਾ ਤਾਂ ਦਸਤਾਰ ਅਤੇ ਕੇਸਾਂ ਦੀ ਵਿਗਿਆਨਲਕ ਅਤੇ ਮੈਡੀਕਲ ਵਿਆਖਿਆ ਹੈ। ਕੇਸਾਂ ਦੇ ਪੱਖ

ਵਿਚ ਤਰਕ ਇਹ ਦਿੱਤਾ ਜਾਂਦਾ ਹੈ ਕਿ ਕੇਸ ਮੁੰਨਣ ਨਾਲ ਸਰੀਰ ਵਿਚ ਜਰੂਰੀ ਤੱਤਾਂ ਦੀ ਘਾਟ ਹੋ ਜਾਂਦੀ ਹੈ ਅਤੇ ਟੀ.ਬੀ., ਸ਼ੂਗਰ, ਹਾਈਪਰਟੈਂਸ਼ਨ ਆਦਿ ਬਿਮਾਰੀਆਂ ਲੱਗ ਜਾਂਦੀਆਂ ਹਨ ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਤਰਕ ਦਿੱਤੇ ਜਾਂਦੇ ਹਨ।[35] ਦੁਨੀਆ ਭਰ ਵਿਚ ਜਿੱਥੇ ਵੀ ਦਸਤਾਰ ਨੂੰ ਮਾਨਤਾ ਮਿਲੀ ਹੈ ਤਾਂ ਉਸਦਾ ਕਾਰਨ ਉਸਦਾ ਧਾਰਮਕ ਮਰਿਆਦਾ ਦਾ ਅਟੁੱਟ ਅੰਗ ਹੋਣਾ ਹੈ, ਕੋਈ ਵਿਗਿਆਨਕ ਗੁਣ ਨਹੀਂ।

ਦੂਸਰਾ, ਦਸਤਾਰ ਮੁਕਾਬਲਿਆਂ ਰਾਹੀਂ ਨਵੀਆਂ ਪੀੜ੍ਹੀਆਂ ਨੂੰ ਵਿਰਸੇ ਨਾਲ ਜੋੜਨ ਦੇ ਜਤਨ ਹੋ ਰਹੇ ਹਨ ਅਤੇ 'ਮਿਸਟਰ ਸਿੰਘ' ਵਰਗੇ ਕੌਮਾਂਤਰੀ ਖਿਤਾਬਾਂ ਵਾਲੇ ਟੀ.ਵੀ. ਸ਼ੋਅ ਚਲਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਅਤੇ ਟੀ.ਵੀ. ਸ਼ੋਆਂ ਪਿੱਛੇ ਵਪਾਰਕ ਹਿਤ ਕੰਮ ਕਰ ਰਹੇ ਹਨ। ਇਹੋ ਜਿਹੇ ਮੁਕਾਬਲਿਆਂ ਦਾ ਪਹਿਰਾਵਾ ਵਿਰਸੇ ਵਿਚੋਂ ਨਹੀਂ ਬਲਕਿ ਮੰਡੀ ਵਿਚੋਂ ਆਉਂਦਾ ਹੈ। ਨਵੀਂ ਤਰ੍ਹਾਂ ਦੀਆਂ ਚਮਕੀਲੀਆਂ ਪੁਸ਼ਾਕਾਂ ਵਿਚ ਦਸਤਾਰ ਦਾ ਰੂਪ ਵੀ ਪਰੰਪਰਾ ਜਾਂ ਵਿਰਸੇ ਵਾਲਾ ਨਹੀਂ ਹੁੰਦਾ। ਇਹੋ ਜਿਹੇ ਜਤਨਾਂ ਰਾਹੀਂ ਜੀਵਨ ਨੂੰ ਸਚਿਆਰ ਬਣਾਉਣ 'ਤੇ ਕੋਈ ਜੋਰ ਨਹੀਂ ਹੁੰਦਾ। ਇਨ੍ਹਾਂ ਦਾ ਉਦੇਸ਼ ਮੁਨਾਫਾ ਅਧਾਰਿਤ ਜਿੰਦਗੀ ਜਾਂ ਦਸਤਾਰਧਾਰੀਆਂ ਦੀ ਗਿਣਤੀ ਵਧਾਉਣਾ ਹੁੰਦਾ ਹੈ। ਇਹ ਦੋਵੇਂ ਗੱਲਾਂ ਪੱਛਮੀ ਤਰਜ ਦੀ ਜਿੰਦਗੀ ਦੀਆਂ ਹਨ, ਦਸਤਾਰ ਦੇ ਸਦਾਚਾਰ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਬਣਦਾ। ਦਸਤਾਰ ਦੇ ਅੰਦਰਲੇ ਸਚਿਆਰ ਕਿਰਦਾਰ ਦੇ ਗੁਣ ਸਬਰ, ਸੰਜਮ, ਦਇਆ, ਖਿਮਾ, ਸਾਦਗੀ, ਸੱਚ ਆਦਿ ਤਾਂ ਇਸ ਤਰ੍ਹਾਂ ਦੇ ਨਵੇਂ ਜੀਵਨ ਵਿਚ ਦਰਕਿਨਾਰ ਹਨ। ਦੁਨੀਆ ਭਰ ਵਿਚ ਬਹੁਤਾ ਸਿੱਖ ਸਮਾਜ ਉਨ੍ਹਾਂ ਕੰਮਾਂ ਵਿਚ ਵਧੇਰੇ ਧਿਆਨ ਦੇ ਰਿਹਾ ਹੈ ਜਿਹੜੇ ਵਿਖਾਵੇ ਵਾਲੇ ਹਨ, ਸਿੱਖੀ ਵਿਚ ਸੂਖਮ ਗੁਣਾਂ ਦੀ ਸੰਭਾਲ ਵੀ ਰਹਿਤ ਜਿੰਨੀ ਹੀ ਜਰੂਰੀ ਹੈ।

ਹਵਾਲੇ

1. ਪ੍ਰੋ. ਆਸਾ ਸਿੰਘ (ਕਪੂਰਥਲਾ), "ਗੌਰਵ-ਭਰਪੂਰ ਹੈ ਦਾਸਤਾਨ-ਏ-ਦਸਤਾਰ", *ਗੁਰਮਤਿ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2005, ਪੰਨਾ-14.
2. John Dowson, M.R.A.S., *A classical dictionary of Hindu mythology and religion geography, history and literature,* sixth edition, kegan Paul, Trench, Trabner & Co., Ltd., London, 1928, P-270.
3. "ਆਉ! ਦਸਤਾਰ ਦੀ ਆਨ-ਸ਼ਾਨ ਤੇ ਸਨਮਾਨ ਬਹਾਲੀ ਵਾਸਤੇ ਯਤਨਸ਼ੀਲ ਹੋਈਏ", (ਸੰਪਾਦਕੀ), *ਗੁਰਮਤਿ ਪ੍ਰਕਾਸ਼*, ਉਹੀ ਰਚਨਾ, ਪੰਨਾ-5.
4. ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥
   -ਮ:1, *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ-142.
5. ਉਹੀ, ਪੰਨਾ-1084.
6. ਹਰਪ੍ਰੀਤ ਸਿੰਘ ਨਾਜ, "ਦਰਗਾਹੀ ਪ੍ਰਵਾਨਗੀ ਦਾ ਸਿਰੋਪਾਉ: ਦਸਤਾਰ", *ਗੁਰਮਤਿ ਪ੍ਰਕਾਸ਼*, ਉਹੀ ਰਚਨਾ, ਪੰਨਾ-34.

7. Neha Singh Gohil, Dawinder Singh Sidhu, "The Sikh Turban Post-9/11 challenges to this article of faith", *Rutgers Journal of law and religion*, volume 9.2, spring 2008, link, P-3.
8. ਸ. ਹਰਜੀਤ ਸਿੰਘ, "ਸਰਦਾਰੀ ਬੋਲਦੀ ਦਿੱਸੇ ਦਸਤਾਰ ਵਿਚੋਂ" *ਗੁਰਮਤਿ ਪ੍ਰਕਾਸ਼*, ਉਹੀ ਰਚਨਾ, ਪੰਨਾ-24.
9. From the earliest days of Sikh migration, the Diaspora community have used Gurdwaras to nurture their faith but also provide to social contacts and survival mechanism in foreign societies, as they allowed for interaction between the small Sikh population abroad, but gave them an opportunity to speak Punjabi and reminisce about their back home.
   -Simrat Dhillon, *The Sikh Diaspora and the Quest for Khalistan: A search for statehood or for self-preservation*, Institute of Peace and Conflict, New Delhi, India, link, P-7.
10. Neha Singh Gohil, Dawinder Singh Sidhu, P-18.
11. ਸਿੱਖ ਸ਼ਹਾਦਤ ਬਿਊਰੋ, "ਗਦਰ ਲਹਿਰ ਦੀ ਕਹਾਣੀ ਤੱਥਾਂ ਦੀ ਜੁਬਾਨੀ", *ਸਿੱਖ ਸਿਆਸਤ*, ਲੁਧਿਆਣਾ, ਅਗਸਤ, 2009, ਪੰਨੇ-32-33.
12. Darshan Singh Tatla, *The Sikh Diaspora: The search for statehood*,UCL Press, Taylor & Francis Group, 1999, PP-82-84.
13. Will Kymlicka, "The Global diffusion of multiculturalism: trends, causes, consequences", *Accommodating Cultural Diversity*, (ed. Stephen Tierney), Ashgate Publishing Company, USA, 2007, P-17.
14. Neha Singh Gohil, Dawinder Singh Sidhu, PP-43-44.
15. Ibid, P-48.
16. Ibid, P-44.
17. Ronald Takaki, *Strangers from a different shore, A history of Asian Americans*, Ronald Takaki, 1998, chapter 'tide of turbans'.
18. http://en.m.wikipedia.org/wiki/Murder_of_Balbir_Singh_Sodhi, accessed on 16-12-2014, 12:50pm.
19. http://www.huffingtonpost.com/2013/09/22/prabhjot-singh-sikh-columbia-hate-crime_n_3972449.html?ir=India, accessed on 01-12-2014, 04: 50pm.
20. http://www.loonwatch.com/2013/05/sikh-man-beaten-with-steel-pipe-in-fresno-hate-crime/, accessed on 15-11-2014, 12:30pm.19. Hate Crime ref. 2
21. Mark Stromer, "Combating Hate Crimes Against Sikhs: A Multi-Tentacled Approach", *The Journal of Gender, Race & Justice* [9:2006], http://sci-

hub.org/downloads/d13f/10.0000@heinonline.org@generic-A62E220E8C67.pdf, accessed on 29-12-14; 10:25pm, p-740.

22. Mehnaj M. Afridi (2013) The Gurdwara Sikh Killings, *Sikh Formations: Religion, Culture, Theory*, 9:2, 227-233, DOI: 10.1080/17448727.2013.822139, http://dx.doi.org/10.1080/17448727.2013.822139, accessed on 26-12-14; 09:25pm, p-230

23. Mark Stromer. op.cit., p-752.

24. "ਆਉ ! ਦਸਤਾਰ ਦੀ ਆਨ–ਸ਼ਾਨ ਤੇ ਸਨਮਾਨ ਬਹਾਲੀ ਵਾਸਤੇ ਯਤਨਸ਼ੀਲ ਹੋਈਏ", ਪੰਨਾ–6.

25. Giorgio Shani, *Sikh Nationalism and Identity in Global age*, Routledge, London & New York, 2008, P-83.

26. https://www.sikhnet.com/news/us-congress-members-stand-sikh-children, accessed on 18-11-2014, 03:45pm.

27. Darshan Singh Tatla, p-83.

28. "After two protest marches 65 year-old Sohan Singh Jolly declared he would ammolate himself on 13 April if the Transport Committee did not alter its policy….This threat embroiled the Indian Ambsaador Shani Sarup Dhawan, who met the Transport Committee on 29 January 1968 and appealed to the Department of Transport, warning it of the serious effects of a suicide."
-Ibid, p-82.

29. Timesofindia.indiatimes.com/world/Europe/PM-Manmohan-Singh-reaise-turba-issue-with-Sarkojy/articleshow/3545924.cms, Oct. 1st, 2008, accessed on 10/03/2016; 04:00pm.

30. Darshan Singh Tatla, pp-174-175.

31. SGPL-Akali Dal will not be raising "Turban Ban" issue wit Frenc President during his Chnadigarh visit" sikh24.com/2016/01/22, accessed on 11/03/2016; 1:00pm.

32. Ronald Takaki, op.cit.

33. Darshan Singh Tatla, p-211.

34. Ibid, p-170.

35. ਡਾ. ਜਗਜੀਤ ਕੌਰ, "ਸਾਬਤ ਸੂਰਤਿ ਦਸਤਾਰ ਸਿਰਾ" *ਗੁਰਮਤਿ ਪ੍ਰਕਾਸ਼*, ਉਹੀ ਰਚਨਾ, ਪੰਨੇ–84–87.